14-SEP-PAGE-1.qxd 9/13/2024 9:33 PM Page 1

ਸ਼ਨੀਵਾਰ, 14 ਸਤੰਬਰ, 2024
30 ਭਾਦੋਂ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 73
ਅੰਕ/NO. : 104

ਨਵਾਂ ਜ਼ਮਾਨਾ

DAILY NAWAN ZAMANA • SATURDAY, 14 SEPTEMBER, 2024 ਜਲੰਧਰ

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

You Tube nawan zamana TV

ਸੀ ਬੀ ਆਈ ਪਿੰਜਰਾ-ਬੰਦ ਤੋਤੇ ਵਾਲੀ ਧਾਰਨਾ ਦੂਰ ਕਰੇ : ਸੁਪਰੀਮ ਕੋਰਟ

ਕੇਜਰੀਵਾਲ ਨੂੰ ਸ਼ਰਤਾਂ ਨਾਲ ਜ਼ਮਾਨਤ, ਹਰਿਆਣਾ ਚੋਣਾਂ ਮੌਕੇ ਆਏ ਜੇਲ੍ਹ 'ਚੋਂ ਬਾਹਰ

ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਆਬਕਾਰੀ ਨੀਤੀ ਮਾਮਲੇ ਵਿਚ ਸ਼ੁੱਕਰਵਾਰ ਸ਼ਰਤਾਂ ਨਾਲ ਜ਼ਮਾਨਤ ਦੇ ਦਿੱਤੀ। ਸ਼ਰਤਾਂ ਵਿਚ ਇਹ ਸ਼ਾਮਲ ਹੈ ਕਿ ਉਹ ਮੀਡੀਆ ਵਿਚ ਇਸ ਕੇਸ ਸੰਬੰਧੀ ਕੋਈ ਬਿਆਨਬਾਜ਼ੀ ਨਹੀਂ ਕਰਨਗੇ, ਮੁੱਖ ਮੰਤਰੀ ਦੇ ਦਫਤਰ ਨਹੀਂ ਜਾ ਸਕਦੇ ਤੇ ਨਾ ਹੀ ਕਿਸੇ ਫਾਈਲ 'ਤੇ ਦਸਤਖਤ ਕਰ ਸਕਦੇ ਹਨ। ਗਵਾਹਾਂ ਨਾਲ ਸੰਪਰਕ ਨਹੀਂ ਕਰ ਸਕਦੇ। ਜਾਂਚ 'ਚ ਸਹਿਯੋਗ ਕਰਨਗੇ। ਕੇਜਰੀਵਾਲ ਜ਼ਮਾਨਤ ਮਿਲਣ ਤੋਂ ਬਾਅਦ ਸ਼ਾਮੀਂ ਉਦੋਂ ਬਾਹਰ ਆਏ ਹਨ, ਜਦੋਂ ਉਨ੍ਹਾ ਦੀ ਪਾਰਟੀ ਹਰਿਆਣਾ ਅਸੰਬਲੀ ਦੀਆਂ ਚੋਣਾਂ ਲੜਨ ਲਈ ਜ਼ੋਰ-ਸ਼ੋਰ ਨਾਲ ਕੁੱਦੀ ਹੋਈ ਹੈ।

ਜ਼ਮਾਨਤ ਦੇਣ ਦਾ ਫੈਸਲਾ ਬੈਂਚ ਵਿਚ ਸ਼ਾਮਲ ਜਸਟਿਸ ਸੂਰੀਆਕਾਂਤ ਤੇ ਜਸਟਿਸ ਉਜਵਲ ਭੁਈਆਂ ਨੇ ਸਰਬਸੰਮਤੀ ਨਾਲ ਲਿਆ, ਪਰ ਕੇਜਰੀਵਾਲ ਦੀ ਗ੍ਰਿਫਤਾਰੀ ਨੂੰ ਲੈ ਕੇ ਦੋਹਾਂ ਦੀ ਰਾਇ ਵੱਖਰੀ ਸੀ। ਜਸਟਿਸ ਸੂਰੀਆਕਾਂਤ ਨੇ ਕਿਹਾ ਕਿ ਜੇ ਕੋਈ ਵਿਅਕਤੀ ਪਹਿਲਾਂ ਤੋਂ ਹਿਰਾਸਤ 'ਚ ਹੈ, ਜਾਂਚ ਦੇ ਸਿਲਸਿਲੇ ਵਿਚ ਉਸ ਨੂੰ ਦੁਬਾਰਾ ਗ੍ਰਿਫਤਾਰ ਕਰਨਾ ਗਲਤ ਨਹੀਂ ਹੈ। ਸੀ ਬੀ ਆਈ ਨੇ ਦੱਸਿਆ ਹੈ ਕਿ ਉਨ੍ਹਾਂ ਦੀ ਜਾਂਚ ਕਿਉਂ ਜ਼ਰੂਰੀ ਸੀ। ਪਟੀਸ਼ਨਰ ਦੀ ਗ੍ਰਿਫਤਾਰੀ ਨਾਜਾਇਜ਼ ਨਹੀਂ। ਸੀ ਬੀ ਆਈ ਨੇ ਨਿਯਮਾਂ ਦੀ ਕੋਈ ਉਲੰਘਣਾ ਨਹੀਂ ਕੀਤੀ। ਉਸ ਨੂੰ ਜਾਂਚ ਦੀ ਲੋੜ ਸੀ, ਇਸ ਲਈ ਉਸ ਨੇ ਇਸ ਕੇਸ ਵਿਚ ਗ੍ਰਿਫਤਾਰੀ ਕੀਤੀ। ਜਸਟਿਸ ਭੁਈਆਂ ਨੇ ਕਿਹਾ ਕਿ ਸੀ ਬੀ ਆਈ ਦੀ ਗ੍ਰਿਫਤਾਰੀ ਜਵਾਬ ਤੋਂ ਜ਼ਿਆਦਾ ਸਵਾਲ ਖੜ੍ਹੇ ਕਰਦੀ ਹੈ। ਜਿਉਂ ਹੀ ਈ ਡੀ ਦੇ ਮਾਮਲੇ ਵਿਚ ਕੇਜਰੀਵਾਲ ਨੂੰ ਜ਼ਮਾਨਤ ਮਿਲਦੀ ਹੈ, ਸੀ ਬੀ ਆਈ ਸਰਗਰਮ ਹੋ ਜਾਂਦੀ ਹੈ। ਅਜਿਹੇ ਵਿਚ ਗ੍ਰਿਫਤਾਰੀ ਦੇ ਸਮੇਂ 'ਤੇ ਸਵਾਲ ਖੜ੍ਹੇ ਹੁੰਦੇ ਹਨ। ਸੀ ਬੀ ਆਈ ਨੂੰ ਨਿਰਪੱਖ ਦਿਸਣਾ ਚਾਹੀਦਾ ਹੈ ਤੇ ਹਰ ਸੰਭਵ ਯਤਨ ਕੀਤਾ ਜਾਣਾ ਚਾਹੀਦਾ ਹੈ ਕਿ ਗ੍ਰਿਫਤਾਰੀ ਵਿਚ ਮਨਮਾਨੀ ਨਾ ਹੋਵੇ। ਜਾਂਚ ਏਜੰਸੀ ਨੂੰ ਪਿੰਜਰੇ ਵਿਚ ਬੰਦ ਤੋਤੇ ਦੀ ਧਾਰਨਾ ਨੂੰ ਦੂਰ ਕਰਨਾ ਚਾਹੀਦਾ ਹੈ।

ਕੇਜਰੀਵਾਲ ਨੂੰ ਈ ਡੀ ਨੇ 21 ਮਾਰਚ ਨੂੰ ਗ੍ਰਿਫਤਾਰ ਕੀਤਾ ਸੀ। 10 ਦਿਨ ਦੀ ਪੁੱਛਗਿਛ ਤੋਂ ਬਾਅਦ ਪਹਿਲੀ ਅਪ੍ਰੈਲ ਨੂੰ ਤਿਹਾੜ ਜੇਲ੍ਹ ਭੇਜਿਆ ਗਿਆ। 10 ਮਈ ਨੂੰ 21 ਦਿਨ ਲਈ ਲੋਕ ਸਭਾ ਚੋਣਾਂ ਵਿਚ ਪ੍ਰਚਾਰ ਲਈ ਅੰਤਰਮ ਜ਼ਮਾਨਤ 'ਤੇ ਰਿਹਾਅ ਕੀਤਾ ਗਿਆ। ਇਹ ਰਿਹਾਈ 51 ਦਿਨ ਜੇਲ੍ਹ ਵਿਚ ਰਹਿਣ ਦੇ ਬਾਅਦ ਮਿਲੀ ਸੀ। ਦੋ ਜੂਨ ਨੂੰ ਕੇਜਰੀਵਾਲ ਨੇ ਤਿਹਾੜ ਜੇਲ੍ਹ ਵਿਚ ਸਰੰਡਰ ਕਰ ਦਿੱਤਾ। ਸ਼ੁੱਕਰਵਾਰ ਤੱਕ ਉਹ 177 ਦਿਨ ਜੇਲ੍ਹ ਵਿਚ ਰਹੇ। ਇਨ੍ਹਾਂ ਵਿੱਚੋਂ 21 ਦਿਨ ਅੰਤਰਮ ਜ਼ਮਾਨਤ 'ਤੇ ਰਹੇ, ਯਾਨਿ 156 ਦਿਨ ਜੇਲ੍ਹ ਵਿਚ ਬਿਤਾਏ।

ਆਪ ਆਗੂ ਸੰਜੇ ਸਿੰਘ ਨੇ ਕਿਹਾ ਹੈ ਕਿ ਤੋਤਾ-ਮੈਨਾ ਯਾਨੀ ਈ ਡੀ-ਸੀ ਬੀ ਆਈ ਦਾ ਇਸਤੇਮਾਲ ਕਰਕੇ ਸਰਕਾਰ ਬਾਬਾ ਸਾਹਿਬ ਦੇ ਸੰਵਿਧਾਨ ਨੂੰ ਖਤਮ ਨਹੀਂ ਕਰ ਸਕਦੀ। ਜ਼ਮਾਨਤ ਮਿਲਣ 'ਤੇ ਪਤਨੀ ਸੁਨੀਤਾ ਕੇਜਰੀਵਾਲ ਨੇ ਆਮ ਆਦਮੀ ਪਾਰਟੀ ਦੇ ਪਰਵਾਰ ਨੂੰ ਵਧਾਈ ਦਿੱਤੀ ਅਤੇ ਤਿਹਾੜ ਜੇਲ੍ਹ 'ਚ ਬੰਦ ਹੋਰ ਆਗੂਆਂ ਦੀ ਵੀ ਜਲਦੀ ਰਿਹਾਈ ਹੋਣ ਦੀ ਕਾਮਨਾ ਕੀਤੀ। ਸੀਨੀਅਰ ਆਗੂ ਮਨੀਸ਼ ਸਿਸੋਦੀਆ ਨੇ ਕਿਹਾ ਕਿ ਸੁਪਰੀਮ ਕੋਰਟ ਨੇ ਭਾਜਪਾ ਨੂੰ ਵੱਡਾ ਸੁਨੇਹਾ ਦਿੱਤਾ ਹੈ ਕਿ ਭਗਵਾਂ ਪਾਰਟੀ ਨੂੰ ਤਾਨਾਸ਼ਾਹੀ ਰੋਕਣੀ ਹੋਵੇਗੀ। ਸਿਖਰਲੀ ਅਦਾਲਤ ਦਾ ਫੈਸਲਾ ਭਾਜਪਾ ਦੇ ਚਿਹਰੇ 'ਤੇ ਵੱਡਾ ਥੱਪੜ ਹੈ। ਕੇਜਰੀਵਾਲ ਵਰਗੇ ਕੱਟੜ ਇਮਾਨਦਾਰ ਆਗੂ ਨੂੰ ਜੇਲ੍ਹ 'ਚ ਡੱਕਣ ਲਈ ਭਾਜਪਾ ਨੂੰ ਮੁਆਫੀ ਮੰਗਣੀ ਚਾਹੀਦੀ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਪਾਰਟੀ ਹੈੱਡਕੁਆਰਟਰ ਪਹੁੰਚ ਕੇ ਸਾਰੇ ਸੀਨੀਅਰ ਆਗੂਆਂ ਤੇ ਸੁਨੀਤਾ ਕੇਜਰੀਵਾਲ ਨੂੰ ਮਿਲ ਕੇ ਵਧਾਈ ਦਿੱਤੀ।

ਨਰਸ ਨੇ ਇੱਜ਼ਤ ਨੂੰ ਹੱਥ ਪਾਉਣ ਵਾਲੇ ਡਾਕਟਰ ਦਾ ਗੁਪਤ ਅੰਗ ਵੱਢਿਆ

ਪਟਨਾ : ਬਿਹਾਰ ਦੇ ਸਮਸਤੀਪੁਰ 'ਚ ਨਰਸ ਨੇ ਡਾਕਟਰ ਦਾ ਗੁਪਤ ਅੰਗ ਸਰਜੀਕਲ ਬਲੇਡ ਨਾਲ ਵੱਢ ਦਿੱਤਾ, ਜਦੋਂ ਉਸ ਨੇ ਤੇ ਉਸ ਦੇ ਦੋ ਸਾਥੀਆਂ ਨੇ ਕਥਿਤ ਤੌਰ 'ਤੇ ਉਸ ਨਾਲ ਬਲਾਤਕਾਰ ਕਰਨ ਦੀ ਕੋਸ਼ਿਸ਼ ਕੀਤੀ। ਬੇਗੂਸਰਾਏ ਜ਼ਿਲ੍ਹੇ ਦੇ ਡਾ. ਸੰਜੇ ਕੁਮਾਰ ਸੰਜੂ ਤੇ ਉਸ ਦੇ ਸਾਥੀਆਂ ਵੈਸ਼ਾਲੀ ਦੇ ਸੁਨੀਲ ਕੁਮਾਰ ਗੁਪਤਾ ਤੇ ਮਾਂਗਰਾ ਇਲਾਕੇ ਦੇ ਅਵਧੇਸ਼ ਕੁਮਾਰ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਤਿੰਨਾਂ ਨੇ ਸ਼ਰਾਬੀ ਹਾਲਤ ਵਿਚ ਹੈੱਲਥ ਕੇਅਰ ਸੈਂਟਰ ਵਿਚ ਕੰਮ ਕਰ ਰਹੀ ਨਰਸ ਨਾਲ ਬਦਸਲੂਕੀ ਕਰਨੀ ਸ਼ੁਰੂ ਕੀਤੀ। ਜਦੋਂ ਸੰਜੇ ਨੇ ਬਲਾਤਕਾਰ ਦੀ ਕੋਸ਼ਿਸ਼ ਕੀਤੀ ਤਾਂ ਨਰਸ ਨੇ ਸਰਜੀਕਲ ਬਲੇਡ ਚੁੱਕ ਕੇ ਉਸ ਦਾ ਗੁਪਤ ਅੰਗ ਵੱਢ ਦਿੱਤਾ। ਉਹ ਭੱਜ ਕੇ ਖੇਤ ਵਿਚ ਜਾ ਵੜੀ ਤੇ ਉਥੋਂ ਪੁਲਸ ਨੂੰ ਫੋਨ ਕੀਤਾ। ਐੱਸ ਪੀ ਵਿਨੈ ਤਿਵਾੜੀ ਦੀ ਅਗਵਾਈ ਵਿਚ ਪੁਲਸ ਨੇ ਤਿੰਨਾਂ ਮੁਲਜ਼ਮਾਂ ਨੂੰ ਹਸਪਤਾਲ ਤੋਂ ਹੀ ਕਾਬੂ ਕਰ ਲਿਆ। ਡਾਕਟਰ ਦਾ ਇਲਾਜ ਚੱਲ ਰਿਹਾ ਸੀ। ਪੁਲਸ ਨੇ ਨਰਸ ਨੂੰ ਖੇਤ ਵਿੱਚੋਂ ਲੱਭਿਆ। ਨਰਸ ਹਸਪਤਾਲ ਵਿਚ 10-15 ਮਹੀਨਿਆਂ ਤੋਂ ਕੰਮ ਕਰ ਰਹੀ ਸੀ। ਉਸ ਨੇ ਕਿਹਾ ਕਿ ਉਸ ਨੇ ਸਵੈ-ਰੱਖਿਆ ਲਈ ਸਰਜੀਕਲ ਬਲੇਡ ਦੀ ਵਰਤੋਂ ਕੀਤੀ। ਪੁਲਸ ਨੇ ਖੂਨ ਨਾਲ ਲਿਬੜੀਆਂ ਬੈੱਡਸ਼ੀਟਾਂ, ਮੋਬਾਇਲ ਫੋਨ ਤੇ ਸ਼ਰਾਬ ਦੀਆਂ ਬੋਤਲਾਂ ਕਬਜ਼ੇ ਵਿਚ ਲੈ ਲਈਆਂ ਹਨ। ਸੀ ਸੀ ਟੀ ਵੀ ਕੈਮਰੇ ਬੰਦ ਸਨ।

ਇੱਜ਼ਤ ਲੁੱਟਣ ਵਾਲਾ ਡਾਕਟਰ ਗ੍ਰਿਫਤਾਰ

ਆਗਰਾ : ਇੱਥੋਂ ਦੇ ਸਰੋਜਨੀ ਨਾਇਡੂ ਮੈਡੀਕਲ ਕਾਲਜ ਤੇ ਹਸਪਤਾਲ 'ਚ 11 ਸਾਲਾ ਕੁੜੀ ਨਾਲ ਕਥਿਤ ਤੌਰ 'ਤੇ ਜਬਰ-ਜ਼ਨਾਹ ਕਰਨ ਦੇ ਦੋਸ਼ ਹੇਠ ਜੂਨੀਅਰ ਡਾਕਟਰ ਦਿਲਸ਼ਾਦ ਹੁਸੈਨ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਉਸ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਮੈਡੀਕਲ ਕਾਲਜ ਤੇ ਹਸਪਤਾਲ ਦੇ ਪ੍ਰਿੰਸੀਪਲ ਡਾ. ਪ੍ਰਸ਼ਾਂਤ ਗੁਪਤਾ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਲਈ ਕਮੇਟੀ ਕਾਇਮ ਕੀਤੀ ਗਈ ਹੈ। ਤੇਜ਼ ਬੁਖਾਰ ਕਾਰਨ 6 ਸਤੰਬਰ ਨੂੰ ਕੁੜੀ ਨੂੰ ਹਸਪਤਾਲ ਦੇ ਐਮਰਜੈਂਸੀ ਵਾਰਡ 'ਚ ਦਾਖਲ ਕਰਵਾਇਆ ਗਿਆ ਸੀ। ਉਪਰੰਤ 7 ਸਤੰਬਰ ਨੂੰ ਉਸ ਨੂੰ ਬੱਚਿਆਂ ਵਾਲੇ ਵਿਭਾਗ 'ਚ ਭੇਜ ਦਿੱਤਾ ਗਿਆ ਸੀ। ਉੱਥੇ ਮੰਗਲਵਾਰ ਰਾਤ ਨੂੰ ਜੂਨੀਅਰ ਡਾਕਟਰ ਨੇ ਕੁੜੀ ਨੂੰ ਆਪਣੇ ਕਮਰੇ 'ਚ ਸੱਦਿਆ ਅਤੇ ਉਸ ਨਾਲ ਜਬਰ-ਜ਼ਨਾਹ ਕੀਤਾ। ਕੁੜੀ ਕਿਸੇ ਤਰ੍ਹਾਂ ਡਾਕਟਰ ਕੋਲੋਂ ਛੁਟ ਕੇ ਭੱਜੀ ਅਤੇ ਆਪਣੀ ਮਾਂ ਨੂੰ ਘਟਨਾ ਬਾਰੇ ਦੱਸਿਆ।

ਮੰਗਾਂ ਨਾ ਮੰਨੀਆਂ ਤਾਂ ਟਰਾਂਸਪੋਰਟ ਵਰਕਰ ਜ਼ਿਮਨੀ ਚੋਣਾਂ ਵੇਲੇ ਜ਼ੋਰਦਾਰ ਵਿਰੋਧ ਪ੍ਰਦਰਸ਼ਨ ਕਰਨਗੇ

ਲੁਧਿਆਣਾ : ਪੰਜਾਬ ਰੋਡਵੇਜ਼/ਪਨਬਸ ਅਤੇ ਪੀ ਆਰ ਟੀ ਸੀ ਵਿੱਚ ਕੰਮ ਕਰਦੀਆਂ 15 ਜਥੇਬੰਦੀਆਂ ਦੀਆਂ ਸਾਂਝੀਆਂ ਐਕਸ਼ਨ ਕਮੇਟੀਆਂ ਵੱਲੋਂ ਟਰਾਂਸਪੋਰਟ ਅਦਾਰੇ ਵਿੱਚ ਫੈਲੇ ਭ੍ਰਿਸ਼ਟਾਚਾਰ, ਪ੍ਰਾਈਵੇਟਾਂ ਦਾ ਟਰਾਂਸਪੋਰਟ ਮਾਫੀਆ, ਸਰਕਾਰ ਵੱਲੋਂ ਅਦਾਰੇ ਨੂੰ ਤਬਾਹ ਕਰਨ ਦੀਆਂ ਨੀਤੀਆਂ ਅਤੇ ਵਰਕਰਾਂ ਦੀਆਂ ਦੋ ਦਰਜਨ ਤੋਂ ਵੱਧ ਲਟਕਦੀਆਂ ਮੰਗਾਂ ਨੂੰ ਲੈ ਕੇ 6 ਸਤੰਬਰ ਨੂੰ 27 ਡਿਪੂਆਂ ਵਿੱਚ ਰੋਹ ਭਰਪੂਰ ਰੈਲੀਆਂ ਕਰਨ ਉਪਰੰਤ ਸ਼ੁੱਕਰਵਾਰ ਇੱਥੇ ਪੰਜਾਬ ਪੱਧਰੀ ਜ਼ਬਰਦਸਤ ਰੈਲੀ ਕੀਤੀ ਗਈ। ਇਸ ਵਿੱਚ ਐਲਾਨਿਆ ਗਿਆ ਕਿ ਜੇ ਮੰਗਾਂ ਨਾ ਮੰਨੀਆਂ ਗਈਆਂ ਤਾਂ ਅਸੰਬਲੀ ਦੀਆਂ ਜ਼ਿਮਨੀ ਚੋਣਾਂ ਵੇਲੇ ਜ਼ੋਰਦਾਰ ਵਿਰੋਧ ਪ੍ਰਦਰਸ਼ਨ ਕੀਤੇ ਜਾਣਗੇ। ਪੀ ਆਰ ਟੀ ਸੀ ਵਰਕਰਜ਼ ਐਕਸ਼ਨ ਕਮੇਟੀ ਦੇ ਕਨਵੀਨਰ ਨਿਰਮਲ ਸਿੰਘ ਧਾਲੀਵਾਲ ਅਤੇ ਰੋਡਵੇਜ਼/ਪਨਬਸ ਵਰਕਰਜ਼ ਐਕਸ਼ਨ ਕਮੇਟੀ ਦੇ ਕਨਵੀਨਰ ਸੁਖਵਿੰਦਰ ਸਿੰਘ ਅਤੇ ਦੋਵਾਂ ਐਕਸ਼ਨ ਕਮੇਟੀਆਂ ਦੇ ਮੈਂਬਰਾਂ ਜਗਦੀਸ਼ ਸਿੰਘ ਚਾਹਲ, ਬਲਦੇਵ ਰਾਜ ਬੱਤਾ, ਗੁਰਜੀਤ ਸਿੰਘ, ਹਰਪ੍ਰੀਤ ਸਿੰਘ ਖੱਟੜਾ, ਸੁਰਿੰਦਰ ਸਿੰਘ, ਰਾਕੇਸ਼ ਕੁਮਾਰ, ਮਨਜਿੰਦਰ ਕੁਮਾਰ, ਮੁਹੰਮਦ ਖਲੀਲ ਅਤੇ ਹਰਮੰਦਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਸਾਲਾਂਬੱਧੀ ਸਮੇਂ ਤੋਂ ਕੰਟਰੈਕਟ/ਆਊਟ ਸੋਰਸ ਵਰਕਰਾਂ ਨੂੰ ਰੈਗੂਲਰ ਕਰਨ ਲਈ ਕੋਈ ਕਦਮ ਨਹੀਂ ਚੁੱਕਿਆ, ਟਰਾਂਸਪੋਰਟ ਮਾਫੀਏ ਨੂੰ ਨੱਥ ਨਹੀਂ ਪਾਈ ਜਾ ਰਹੀ।ਦੋਵਾਂ ਟਰਾਂਸਪੋਰਟ ਅਦਾਰਿਆਂ ਵਿੱਚ ਕੋਈ ਨਵੀਂ ਬੱਸ ਨਹੀਂ ਪਾਈ, ਭ੍ਰਿਸ਼ਟਾਚਾਰ ਦਾ ਬੋਲਬਾਲਾ, ਵਰਕਰਾਂ ਦੇ ਵਿੱਤੀ ਬਕਾਏ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਾਉਣਾ, ਕੰਟਰੈਕਟ ਵਰਕਰਾਂ ਸੰਬੰਧੀ ਸਰਕਾਰ ਵੱਲੋਂ ਬਣਾਈ ਕਮੇਟੀ ਵਿੱਚ ਐਕਸ਼ਨ ਕਮੇਟੀ ਦੇ ਮੈਂਬਰ ਸ਼ਾਮਲ ਕਰਨਾ, 1992 ਦੀ ਪੈਨਸ਼ਨ ਸਕੀਮ ਤੋਂ ਵਾਂਝੇ ਰਹਿੰਦੇ ਵਰਕਰਾਂ ਨੂੰ ਪੈਨਸ਼ਨ ਦੇਣਾ, 2004 ਤੋਂ ਪਹਿਲਾਂ ਭਰਤੀ ਕੋਰਟ ਰਾਹੀਂ ਰੈਗੂਲਰ ਹੋਏ ਵਰਕਰਾਂ ਨੂੰ ਪੈਨਸ਼ਨ ਸਕੀਮ ਵਿੱਚ ਸ਼ਾਮਲ ਕਰਨਾ, ਸੇਵਾ-ਮੁਕਤ ਕਰਮਚਾਰੀਆਂ ਨੂੰ ਨੋਸ਼ਨਲ ਇੰਕਰੀਮੈਂਟ ਦੇਣਾ, ਕੰਟਰੈਕਟ ਵਰਕਰਾਂ ਨੂੰ ਬਲੈਕਲਿਸਟ ਕਰਨ ਦਾ ਤਰੀਕਾ ਬੰਦ ਕਰਨਾ, ਕੰਟਰੈਕਟ ਵਰਕਰਾਂ ਦੀ ਤਨਖਾਹ ਵਿੱਚ ਇਕਸਾਰਤਾ ਲਿਆਉਣਾ, ਅਡਵਾਂਸ ਬੁਕਰਜ਼ ਦੇ ਕਮਿਸ਼ਨ ਵਿੱਚ ਵਾਧਾ ਕਰਨਾ, ਫਲਾਈਂਗ ਸਟਾਫ ਨੂੰ 5000 ਰੁਪਏ ਪ੍ਰਤੀ ਮਹੀਨਾ ਵਿਸ਼ੇਸ਼ ਭੱਤਾ ਦੇਣਾ, ਪੰਜਾਬ ਰੋਡਵੇਜ਼ ਦੇ ਸਬ-ਇੰਸਪੈਕਟਰਾਂ ਨੂੰ ਪ੍ਰਮੋਸ਼ਨ ਪੋਸਟ ਬਣਾਉਣਾ, 1990 ਦੀ ਟਰਾਂਸਪੋਰਟ ਪਾਲਸੀ ਬਹਾਲ ਕਰਨਾ, ਘੱਟੋ-ਘੱਟ ਉਜਰਤਾਂ 26000 ਰੁਪਏ ਕਰਨਾ ਆਦਿ ਕਾਨੂੰਨੀ ਤੌਰ 'ਤੇ ਵਾਜਬ ਮੰਗਾਂ ਦੀ ਅਣਦੇਖੀ ਕਰਨ ਕਰਕੇ ਵਰਕਰ ਸੰਘਰਸ਼ ਲਈ ਮਜਬੂਰ ਹਨ।

ਮਹੂਆ ਵੱਲੋਂ ਸੇਬੀ ਮੁਖੀ ਖਿਲਾਫ ਲੋਕਪਾਲ ਕੋਲ ਸ਼ਿਕਾਇਤ

ਕੋਲਕਾਤਾ : ਤ੍ਰਿਣਮੂਲ ਕਾਂਗਰਸ ਦੀ ਸੰਸਦ ਮੈਂਬਰ ਮਹੂਆ ਮੋਇਤਰਾ ਨੇ ਸ਼ੁੱਕਰਵਾਰ ਕਿਹਾ ਕਿ ਉਨ੍ਹਾ ਸੇਬੀ ਮੁਖੀ ਮਾਧਬੀ ਪੁਰੀ ਬੁੱਚ ਖਿਲਾਫ ਲੋਕਪਾਲ 'ਚ ਸ਼ਿਕਾਇਤ ਦਰਜ ਕਰਵਾਈ ਹੈ। ਲੋਕਪਾਲ ਨੂੰ ਇਸ ਦੀ ਸ਼ੁਰੂਆਤੀ ਜਾਂਚ ਲਈ ਐਨਫੋਰਸਮੈਂਟ ਡਾਇਰੈਕਟੋਰੇਟ ਜਾਂ ਸੀ ਬੀ ਆਈ ਨੂੰ ਭੇਜਣਾ ਚਾਹੀਦਾ ਹੈ, ਜਿਸ ਤੋਂ ਬਾਅਦ ਐੱਫ ਆਈ ਆਰ ਦਰਜ ਕਰ ਕੇ ਪੂਰੀ ਤਰ੍ਹਾਂ ਜਾਂਚ ਹੋਣੀ ਚਾਹੀਦੀ ਹੈ। ਮਹੂਆ ਨੇ ਆਪਣੀ ਸ਼ਿਕਾਇਤ ਦੀ ਆਨਲਾਈਨ ਕਾਪੀ ਅਤੇ ਫਿਜ਼ੀਕਲ ਕਾਪੀ ਦਾ ਸਕਰੀਨ ਸ਼ਾਟ ਵੀ ਸਾਂਝਾ ਕੀਤਾ ਹੈ। ਉਨ੍ਹਾ 'ਐੱਕਸ' ਉੱਤੇ ਲਿਖਿਆ—ਮਾਧਬੀ ਪੁਰੀ ਬੁੱਚ ਖਿਲਾਫ ਲੋਕਪਾਲ 'ਚ ਮੇਰੀ ਸ਼ਿਕਾਇਤ ਇਲੈਕਟ੍ਰਾਨਿਕ ਢੰਗ ਨਾਲ ਅਤੇ ਫਿਜ਼ੀਕਲ ਤੌਰ 'ਤੇ ਦਾਖਲ ਕੀਤੀ ਗਈ ਹੈ। ਲੋਕਪਾਲ ਨੂੰ 30 ਦਿਨਾਂ ਦੇ ਅੰਦਰ ਇਸ ਨੂੰ ਸ਼ੁਰੂਆਤੀ ਜਾਂਚ ਲਈ ਸੀ ਬੀ ਆਈ/ ਈ ਡੀ ਨੂੰ ਭੇਜਣਾ ਚਾਹੀਦਾ ਹੈ ਅਤੇ ਫਿਰ ਐੱਫ ਆਈ ਆਰ ਦਰਜ ਕਰ ਕੇ ਪੂਰੀ ਤਰ੍ਹਾਂ ਜਾਂਚ ਹੋਣੀ ਚਾਹੀਦੀ ਹੈ। ਇਸ 'ਚ ਸ਼ਾਮਲ ਹਰੇਕ ਵਿਅਕਤੀ ਨੂੰ ਤਲਬ ਕਰਨ ਤੇ ਹਰੇਕ ਕੜੀ ਦੀ ਜਾਂਚ ਦੀ ਲੋੜ ਹੈ।

ਟਾਈਟਲਰ 'ਤੇ ਹੱਤਿਆ ਦਾ ਕੇਸ ਚੱਲੇਗਾ

ਨਵੀਂ ਦਿੱਲੀ : ਸਪੈਸ਼ਲ ਜੱਜ ਰਾਕੇਸ਼ ਸਿਆਲ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਇਕ ਮਾਮਲੇ 'ਚ ਸ਼ੁੱਕਰਵਾਰ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਖਿਲਾਫ ਹੱਤਿਆ ਤੇ ਹੋਰ ਅਪਰਾਧਾਂ 'ਚ ਦੋਸ਼ ਤੈਅ ਕਰ ਦਿੱਤੇ। ਟਾਈਟਲਰ ਨੇ ਗੁਨਾਹ ਕਬੂਲ ਨਹੀਂ ਕੀਤਾ, ਜਿਸ ਮਗਰੋਂ ਫਾਜ਼ਲ ਜੱਜ ਨੇ ਉਸ 'ਤੇ ਮੁਕੱਦਮਾ ਚਲਾਉਣ ਦਾ ਨਿਰਦੇਸ਼ ਦਿੱਤਾ। ਜੱਜ ਨੇ 30 ਅਗਸਤ ਨੂੰ ਕਿਹਾ ਸੀ ਕਿ ਮੁਲਜ਼ਮ ਖਿਲਾਫ ਕਾਰਵਾਈ ਅੱਗੇ ਵਧਾਉਣ ਦਾ ਢੁੱਕਵਾਂ ਆਧਾਰ ਹੈ। ਇਕ ਗਵਾਹ ਨੇ ਪਹਿਲਾਂ ਦੋਸ਼-ਪੱਤਰ 'ਚ ਕਿਹਾ ਸੀ ਕਿ ਟਾਈਟਲਰ ਪਹਿਲੀ ਨਵੰਬਰ 1984 ਨੂੰ ਇੱਥੇ ਗੁਰਦੁਆਰਾ ਪੁਲ ਬੰਗਸ਼ ਦੇ ਸਾਹਮਣੇ ਸਫੈਦ ਅੰਬੈਸਡਰ ਕਾਰ ਤੋਂ ਬਾਹਰ ਨਿਕਲਿਆ ਸੀ ਅਤੇ ਉਸ ਨੇ ਇਹ ਕਹਿੰਦੇ ਹੋਏ ਭੀੜ ਨੂੰ ਭੜਕਾਇਆ ਸੀ ਕਿ ਸਿੱਖਾਂ ਨੂੰ ਮਾਰੋ, ਉਨ੍ਹਾਂ ਸਾਡੀ ਮਾਂ ਨੂੰ ਮਾਰਿਆ ਹੈ ਅਤੇ ਇਸ ਤੋਂ ਬਾਅਦ ਤਿੰਨ ਲੋਕਾਂ ਦੀ ਹੱਤਿਆ ਹੋ ਗਈ। ਅਦਾਲਤ ਨੇ ਗੈਰ-ਕਾਨੂੰਨੀ ਤਰੀਕੇ ਨਾਲ ਇਕੱਠੇ ਹੋਣ, ਦੰਗਾ ਭੜਕਾਉਣ, ਵੱਖ-ਵੱਖ ਸਮੂਹਾਂ ਵਿਚਾਲੇ ਦੁਸ਼ਮਣੀ ਨੂੰ ਹੱਲਾਸ਼ੇਰੀ ਦੇਣ

14-SEP-PAGE-1.qxd 9/13/2024 9:34 PM Page 2

ਡੀ ਐੱਮ ਸਕੂਲ ਕਰਾੜਵਾਲਾ ਦੇ ਨੰਨ੍ਹੇ ਵਿਦਿਆਰਥੀਆਂ ਨੇ ਜਿੱਤੇ ਗੋਲਡ ਮੈਡਲ

ਰਾਮਪੁਰਾ ਫੂਲ (ਦਰਸ਼ਨ ਜਿੰਦਲ)-ਖੇਡਾਂ ਕਰਕੇ ਅਕਸਰ ਮੀਡੀਆ ਦੀਆਂ ਸੁਰਖੀਆਂ ਵਿੱਚ ਰਹਿਣ ਵਾਲੇ ਡੀ. ਐੱਮ. ਸਕੂਲ ਕਰਾੜਵਾਲਾ ਦੇ ਨੰਨ੍ਹੇ-ਮੁੰਨੇ ਵਿਦਿਆਰਥੀਆਂ ਨੇ ਪ੍ਰਾਇਮਰੀ ਪੱਧਰ 'ਤੇ ਸੈਂਟਰ ਖੇਡਾਂ ਬਲਾਕ ਰਾਮਪੁਰਾ ਫੂਲ ਵਿੱਚੋਂ ਤਕਰੀਬਨ 100 ਗੋਲਡ ਮੈਡਲ ਜਿੱਤ ਕੇ ਅਗਲੇ ਪੜਾਅ ਵਿੱਚ ਆਪਣਾ ਦਾਖਲਾ ਕਰ ਲਿਆ ਹੈ।ਜਾਣਕਾਰੀ ਮੁਤਾਬਕ ਅੰਡਰ-11 ਹਾਕੀ ਤੇ ਫੁੱਟਬਾਲ ਵਿੱਚ ਲੜਕੇ- ਲੜਕੀਆਂ ਨੇ ਪਹਿਲਾ ਸਥਾਨ ਹਾਸਲ ਕੀਤਾ।ਅੰਡਰ-11 ਹੈਂਡਬਾਲ ਵਿੱਚ ਲੜਕੀਆਂ ਨੇ ਪਹਿਲਾ ਤੇ ਲੜਕਿਆਂ ਨੇ ਦੂਜਾ ਸਥਾਨ ਅਤੇ ਰੱਸਾਕਸੀ ਵਿੱਚ ਲੜਕਿਆਂ ਨੇ ਪਹਿਲਾ ਸਥਾਨ ਹਾਸਿਲ ਕੀਤਾ।ਇਸ ਤਰ੍ਹਾਂ ਤਕਰੀਬਨ 100 ਤੋਂ ਵੱਧ ਮੈਡਲ ਜਿੱਤ ਕੇ ਲਗਾਤਾਰ ਤੀਸਰੀ ਵਾਰ ਸੈਂਟਰ ਖੇਡਾਂ ਵਿੱਚ ਆਪਣਾ ਸ਼ਾਨਦਾਰ ਪ੍ਰਦਰਸ਼ਨ ਜਾਰੀ ਰੱਖਿਆ।ਇਸ ਮੌਕੇ ਸੰਸਥਾ ਦੇ ਚੇਅਰਮੈਨ ਇੰਜੀ. ਅਵਤਾਰ ਸਿੰਘ ਢਿੱਲੋਂ ਨੇ ਕਿਹਾ ਕਿ ਬੱਚਿਆਂ ਦੇ ਗਲ਼ਾਂ ਦੇ ਸ਼ਿੰਗਾਰ ਬਣੇ ਸੁਨਹਿਰੀ ਤਮਗੇ ਇਨ੍ਹਾਂ ਦੇ ਸੁਨਹਿਰੀ ਭਵਿੱਖ ਦੀ ਗਵਾਹੀ ਭਰਦੇ ਹੋਏ ਨਜ਼ਰ ਆਉਂਦੇ ਹਨ ਤੇ ਅਖੀਰ ਵਿੱਚ ਉਨ੍ਹਾਂ ਪ੍ਰਿੰਸੀਪਲ, ਸਬੰਧਤ ਸਮੂਹ ਸਟਾਫ ਤੇ ਬੱਚਿਆਂ ਦੇ ਮਾਤਾ-ਪਿਤਾ ਨੂੰ ਵਧਾਈ ਦਿੱਤੀ।

ਮਾਡਰਨ ਕਾਲਜ ਬੀਰ ਕਲਾਂ ਦਾ ਬੀ ਕਾਮ ਦਾ ਨਤੀਜਾ ਸ਼ਾਨਦਾਰ

ਚੀਮਾ ਮੰਡੀ (ਰਵਿੰਦਰ ਚੀਮਾ)-ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਐਲਾਨੇ ਗਏ ਬੀ ਕਾਮ ਭਾਗ ਪਹਿਲਾ ਦੇ ਪਹਿਲੇ ਸਮੈਸਟਰ ਦਾ ਨਤੀਜਾ ਸ਼ਾਨਦਾਰ ਰਿਹਾ। ਇਸ ਮੌਕੇ ਮੈਡਮ ਸਵੀਨਾ ਨੇ ਦੱਸਿਆ ਕਿ ਜਸ਼ਨ ਦੀਪ ਕੌਰ ਨੇ 600 ਵਿੱਚੋਂ 406 ਨੰਬਰ ਲੈ ਕੇ ਪਹਿਲਾ, ਹਰਮਨ ਕੌਰ ਨੇ 401 ਨੰਬਰ ਲੈ ਕੇ ਦੂਸਰਾ, ਰਾਜਨਦੀਪ ਕੌਰ ਨੇ 400 ਨੰਬਰ ਲੈ ਕੇ ਤੀਸਰਾ, ਵਿਸ਼ਵਪ੍ਰੀਤ ਕੌਰ ਨੇ 397 ਅੰਕ ਲੈ ਕੇ ਚੌਥਾ, ਸਰ ਵਰਿੰਦਰ ਸ਼ਰਮਾ ਨੇ 395 ਅੰਕ ਲੈ ਕੇ ਪੰਜਵਾਂ ਤੇ ਖੁਸ਼ਪ੍ਰੀਤ ਕੌਰ ਨੇ 389 ਅੰਕ ਲੈ ਕੇ ਛੇਵਾਂ, ਸਿਮਰਨਜੀਤ ਕੌਰ ਨੇ 385 ਅੰਕ ਲੈ ਕੇ ਸੱਤਵਾਂ, ਮਹਿਕਪ੍ਰੀਤ ਕੌਰ ਨੇ 384 ਅੰਕ ਲੈ ਕੇ ਅੱਠਵਾਂ, ਅਰਸ਼ਪ੍ਰੀਤ ਸਿੰਘ ਨੇ 382 ਨੰਬਰ ਲੈ ਕੇ ਨੌਵਾਂ ਤੇ ਮਨਦੀਪ ਕੌਰ ਨੇ 373 ਨੰਬਰ ਲੈ ਕੇ ਦਸਵਾਂ ਸਥਾਨ ਹਾਸਲ ਕੀਤਾ ਹੈ। ਇਸ ਮੌਕੇ ਕਾਲਜ ਦੇ ਚੇਅਰਮੈਨ ਰਵਿੰਦਰ ਬਾਂਸਲ ਤੇ ਪ੍ਰਿੰਸੀਪਲ ਡਾਕਟਰ ਵੀ ਕੇ ਰਾਏ ਨੇ ਵਧੀਆ ਨਤੀਜਾ ਆਉਣ 'ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਅਤੇ ਵਿਦਿਆਰਥੀਆਂ ਨੂੰ ਸ਼ੁੱਭ ਕਾਮਨਾਵਾਂ ਦਿੱਤੀਆਂ।

ਟਰੱਕ ਯੂਨੀਅਨ ਵੱਲੋਂ ਰਿਆਸਤ ਦੇ ਸ਼ਾਹੀ ਪਰਵਾਰ ਦਾ ਸਨਮਾਨ

ਨਾਭਾ (ਵਰਿੰਦਰ ਵਰਮਾ)-ਬੀਤੀ ਦਿਨੀਂ ਨਾਭਾ ਦਿਵਸ ਮੌਕੇ ਸ਼ਹਿਰ ਨੂੰ ਸਾਫ ਸੁਥਰਾ ਬਣਾਉਣ ਲਈ ਸ਼ਾਹੀ ਪਰਵਾਰ ਨੇ ਸਫਾਈ ਮੁਹਿੰਮ ਵਿੱਚ ਅਹਿਮ ਰੋਲ ਅਦਾ ਕੀਤਾ ਹੈ।ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਟਰੱਕ ਯੂਨੀਅਨ ਨਾਭਾ ਪ੍ਰਧਾਨ ਸੁਖਦੇਵ ਸਿੰਘ ਸੰਧੂ ਵੱਲੋਂ ਸ਼ਾਹੀ ਪਰਿਵਾਰ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕਰਨ ਉਪਰੰਤ ਪ੍ਰਗਟਾਏ।ਉਨ੍ਹਾਂ ਕਿਹਾ ਕਿ ਦੁਨੀਆ ਵਿੱਚ ਧਾਰਮਿਕ ਰਿਆਸਤ ਦੇ ਨਾਮ 'ਤੇ ਜਾਣੀ ਜਾਣ ਵਾਲੀ ਨਾਭਾ ਰਿਆਸਤ ਵਿਖੇ ਮਹਾਰਾਜਾ ਹੀਰਾ ਸਿੰਘ ਤੇ ਮਹਾਰਾਜਾ ਰਿਪੁਦਮਨ ਸਿੰਘ ਦੇ ਵੰਸ਼ਜ਼ ਸ਼ਾਹੀ ਪਰਵਾਰ ਵੱਲੋਂ ਨਾਭਾ ਦਿਵਸ ਮੌਕੇ ਨਾਭੇ ਹਲਕੇ ਦੀਆਂ ਸਮੁੱਚੀਆਂ ਧਾਰਮਿਕ, ਰਾਜਨੀਤਕ ਤੇ ਸਮਾਜ ਸੇਵੀ ਜਥੇਬੰਦੀਆਂ ਦੇ ਸਹਿਯੋਗ ਨਾਲ ਨਾਭਾ ਨੂੰ ਸਾਫ ਸੁਥਰਾ ਬਣਾਉਣ ਦੀ ਮੁਹਿੰਮ ਵਿੱਢੀ ਗਈ ਹੈ, ਜੋ ਬਹੁਤ ਵਧੀਆ ਉਪਰਾਲਾ ਹੈ।ਇਸ ਮੌਕੇ ਮਹਾਰਾਣੀ ਓਮਾ ਸਿੰਘ, ਕੁੰਵਰ ਅਵੀ ਉਦੈ ਪ੍ਰਤਾਪ ਸਿੰਘ, ਓ.ਐੱਸ.ਡੀ. ਰਕੇਸ਼ ਜੈਨ, ਨਿੱਜੀ ਸਕੱਤਰ ਸਨਮੀਤ ਸਿੰਘ ਮੀਤ, ਪਰਸਨਲ ਅਸਿਸਟੈਂਟ ਮੀਤ ਗੁਰਦੇਵ, ਅਵਤਾਰ ਸਿੰਘ ਸ਼ੇਰ ਗਿੱਲ ਧਾਲੀਵਾਲ ਆਦਿ ਤੋਂ ਇਲਾਵਾ ਮੋਹਨ ਸਿੰਘ ਸਾਬਕਾ ਪ੍ਰਧਾਨ, ਸਾਹਿਬ ਸਿੰਘ ਬਿੱਟੂ, ਜਤਿੰਦਰ ਸਿੰਘ ਸੋਢੋਂ, ਸੰਦੀਪ ਸਿੰਘ ਕਲਰਕ, ਸੁਖਵਿੰਦਰ ਸਿੰਘ ਤੁੰਗਾਂ, ਜਸਪਾਲ ਸਿੰਘ, ਬੇਅੰਤ ਸਿੰਘ, ਬਲਜਿੰਦਰ ਸਿੰਘ, ਨੇਤਰ ਸਿੰਘ, ਜੋਗਾ ਸਿੰਘ, ਗੁਰਦਰਸ਼ਨ ਸਿੰਘ, ਚਰਨਜੀਤ ਸਿੰਘ, ਤਾਰੂ ਸਿੰਘ, ਪ੍ਰਿੰਸ, ਸੱਤਾ ਰੋਹਟੀ, ਮਨਮੋਹਨ ਸਿੰਘ ਅਮਰਜੀਤ ਸਿੰਘ, ਨਵਜੋਤ ਸਿੰਘ, ਨਵਜੋਤ ਹਸਨਪੁਰ, ਬਲਵੀਰ ਸਿੰਘ, ਵਿੱਕੀ ਆਦਿ ਟਰੱਕ ਆਪ੍ਰੇਟਰ ਹਾਜ਼ਰ ਸਨ।

ਗਣੇਸ਼ ਉਤਸਵ ਮੌਕੇ ਪੱਤਰਕਾਰ ਭਾਈਚਾਰੇ ਨੇ ਭਰੀ ਹਾਜ਼ਰੀ

ਸਮਾਣਾ (ਇਕਬਾਲ ਸਿੰਘ ਬੱਲ)-ਸ੍ਰੀ ਗਣਪਤੀ ਉਤਸਵ ਦੇ ਚਲਦਿਆਂ ਤਰੁਨ ਗਰਗ ਵੱਲੋਂ ਆਪਣੇ ਦਫਤਰ ਰੋਇਲ ਕੰਪਲੈਕਸ ਸਮਾਣਾ ਵਿਖੇ ਪਿਛਲੇ ਦਿਨਾਂ ਤੋਂ ਗਣਪਤੀ ਜੀ ਦੀ ਪ੍ਰਤਿਮਾ ਸਥਾਪਤੀ ਕੀਤੀ ਗਈ, ਜਿਸ ਦੀ ਪੂਰੇ ਧਾਰਮਿਕ ਰੀਤੀ ਰਿਵਾਜਾਂ ਅਨੁਸਾਰ ਰੋਜ਼ਾਨਾ ਪੂਜਾ ਅਰਚਨਾ ਕੀਤੀ ਜਾਂਦੀ ਹੈ। ਇਸ ਦੇ ਚਲਦਿਆਂ ਤਰੁਨ ਗਰਗ ਨੇ ਇੱਕ ਨਵੀਂ ਪਹਿਲ ਕਰਦਿਆਂ ਸਮਾਣਾ ਦੇ ਪੱਤਰਕਾਰਾਂ ਨੂੰ ਮੁੱਖ ਮਹਿਮਾਨ ਵਜੋਂ ਬੁਲਾ ਕੇ ਇਸ ਸ਼ੁੱਭ ਘੜੀ 'ਚ ਸ਼ਾਮਲ ਕੀਤਾ ਅਤੇ ਪੂਜਾ ਆਰਤੀ ਕਰਵਾਈ। ਇਸ ਮੌਕੇ ਪੱਤਰਕਾਰ ਜਸਵਿੰਦਰ ਸਿੰਘ ਦਰਦ, ਸੁਭਾਸ਼ ਚੰਦਰ, ਇਕਬਾਲ ਸਿੰਘ ਬੱਲ, ਵਿਜੇ ਗਰਗ, ਹਰਜਿੰਦਰ ਸਿੰਘ ਜਵੰਦਾ, ਸੁਖਜਿੰਦਰ ਸਿੰਘ ਕੁਲਾਰਾਂ, ਜੌਹਰੀ ਮਿੱਤਲ, ਭਾਰਤ ਭੂਸ਼ਣ ਮਿੱਤਲ, ਰਜਿੰਦਰ ਫਤਿਹਪੁਰ ਤੇ ਦੀਵਾਨ ਬਰੇਜਾ ਆਦਿ ਤੋਂ ਇਲਾਵਾ ਕੁਲਬੀਰ ਸਿੰਗਲਾ, ਸੰਦੀਪ ਵਰਮਾ ਰਾਜਨ ਸੱਚਦੇਵਾ, ਰਾਹੁਲ ਚੁੱਗ, ਵਿੱਕੀ ਮਦਾਨ, ਯੋਗੇਸ਼ ਕੁਮਾਰ, ਸਿਮਾਂਸ਼ੂ ਮਿੱਤਲ, ਤਨੀਸ਼ ਸਿੰਗਲਾ ਤੇ ਸੰਜੀਵ ਬਿੱਟੂ ਆਦਿ ਮੌਜੂਦ ਰਹੇ।

ਰਾਇਟਵੇ ਏਅਰਲਿੰਕਸ ਨੇ ਲਵਾਇਆ ਆਸਟ੍ਰੇਲੀਆ ਦਾ ਸਟੱਡੀ ਵੀਜ਼ਾ

ਮੋਗਾ (ਇਕਬਾਲ ਸਿੰਘ ਖਹਿਰਾ)-ਮਾਲਵਾ ਖੇਤਰ ਦੀ ਪ੍ਰਸਿੱਧ ਰਾਇਟ ਵੇ ਏਅਰਲਿੰਕਸ ਇੰਮੀਗ੍ਰੇਸ਼ਨ ਤੇ ਆਈਲਟਸ ਸੰਸਥਾ, ਜੋ ਪੰਜਾਬ ਦੇ ਇਲਾਵਾ ਪੂਰੇ ਭਾਰਤ ਵਿੱਚ ਕੰਮ ਕਰ ਰਹੀ ਹੈ, ਨੇ ਹਜ਼ਾਰਾਂ ਹੀ ਵਿਦਆਰਥੀਆਂ ਦੇ ਵਿਦੇਸ਼ 'ਚ ਪੜ੍ਹਾਈ ਕਰਨ ਦੇ ਸੁਪਨਿਆਂ ਨੂੰ ਪੂਰਾ ਕੀਤਾ ਹੈ। ਸੰਸਥਾ ਨੇ ਹੁਣ ਹੁਨਰਦੀਪ ਸਿੰਘ ਪੁੱਤਰ ਗੁਰਵਿੰਦਰ ਸਿੰਘ ਵਾਸੀ ਫਰੀਦਕੋਟ ਦਾ ਆਸਟ੍ਰੇਲੀਆ ਦਾ ਸਟੱਡੀ ਵੀਜ਼ਾ ਲਗਵਾ ਕੇ ਦਿੱਤਾ। ਇਸ ਮੌਕੇ ਸੰਸਥਾ ਦੇ ਡਾਇਰੈਕਟਰ ਦੇਵਪ੍ਰਿਆ ਤਿਆਗੀ ਨੇ ਕਿਹਾ ਕਿ ਅਫਵਾਹਾਂ 'ਤੇ ਧਿਆਨ ਨਾ ਦਿਉ, ਜਿਨ੍ਹਾਂ ਬੱਚਿਆਂ ਦੇ ਕੈਨੇਡਾ ਤੇ ਯੂ ਕੇ ਦੇ ਸਟੱਡੀ ਕੇਸ ਰੀਫਿਊਜ਼ ਹੋ ਚੁੱਕੇ ਹਨ, ਉਹ ਆਸਟ੍ਰੇਲੀਆ ਲਈ ਅਪਲਾਈ ਕਰ ਸਕਦੇ ਹਨ ਤੇ ਜੇਕਰ ਕੋਈ ਵੀ ਵਿਜ਼ਟਰ ਜਾਂ ਟੂਰਿਸਟ ਵੀਜ਼ੇ 'ਤੇ ਯੂ ਕੇ, ਕੈਨੇਡਾ ਜਾਂ ਆਸਟ੍ਰੇਲੀਆ ਜਾਣਾ ਚਾਹੁੰਦਾ ਹੋਵੇ ਤਾਂ ਉਹ ਵੀ ਅਪਲਾਈ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਹੁਣ ਬੱਚੇ ਕਾਲਜ ਤੇ ਅੰਬੈਸੀ ਦੀ ਫੀਸ ਵੀਜ਼ਾ ਲੱਗਣ ਤੋਂ ਬਾਅਦ ਦੇ ਸਕਦੇ ਹਨ। ਰਾਇਟਵੇ ਏਅਰਲਿੰਕਸ ਬੈਂਕ ਦੇ ਜ਼ਰੀਏ ਬੱਚਿਆਂ ਨੂੰ ਐਜੂਕੇਸ਼ਨ ਲੋਨ ਦੀ ਸੁਵਿਧਾ ਲੈ ਕੇ ਦਿੰਦਾ ਹੈ, ਜਿਨ੍ਹਾਂ ਪੈਸਿਆਂ ਨੂੰ ਬੱਚੇ ਅਪਣੇ ਖਰਚੇ ਲਈ ਵਰਤ ਸਕਦੇ ਹਨ। ਇਸ ਮੌਕੇ ਸੰਸਥਾ ਦੇ ਡਾਇਰੈਕਟਰ ਦੇਵਪ੍ਰਿਆ ਤਿਆਗੀ ਨੇ ਹੁਨਰਦੀਪ ਸਿੰਘ ਨੂੰ ਵਧਾਈ ਦਿੱਤੀ।

ਸੇਖੋਂ ਨੇ ਕੈਂਪ 'ਚ ਸ਼ਿਰਕਤ ਕਰਕੇ ਖੂਨ ਦਾਨ ਕੀਤਾ

ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)-ਬਾਬਾ ਫ਼ਰੀਦ ਆਗਮਨ ਪੁਰਬ-2024 ਨੂੰ ਸਮਰਪਤ ਬਾਬਾ ਫ਼ਰੀਦ ਬਲੱਡ ਸੇਵਾ ਸੁਸਾਇਟੀ ਵੱਲੋਂ ਖੂਨਦਾਨ ਕੈਂਪ ਟਿੱਲਾ ਬਾਬਾ ਫ਼ਰੀਦ ਵਿਖੇ ਲਾਇਆ ਗਿਆ, ਜਿਸ ਵਿੱਚ ਹਲਕਾ ਵਿਧਾਇਕ ਸ੍ਰ. ਗੁਰਦਿੱਤ ਸਿੰਘ ਸੇਖੋਂ ਨੇ ਸ਼ਿਰਕਤ ਕੀਤੀ ਤੇ ਖੂਨ ਦਾਨ ਕੀਤਾ।ਇਸ ਮੌਕੇ ਬੋਲਦਿਆਂ ਉਨ੍ਹਾ ਕਿਹਾ ਕਿ ਖੂਨ ਦਾਨ ਕਰਕੇ ਕਈ ਕੀਮਤੀ ਜਾਨਾਂ ਨੂੰ ਬਚਾਇਆ ਜਾ ਸਕਦਾ ਹੈ ਤੇ ਸਾਨੂੰ ਸਾਰਿਆਂ ਨੂੰ ਖੂਨ ਦਾਨ ਕਰਨਾ ਚਾਹੀਦਾ ਹੈ।ਉਨ੍ਹਾ ਕਿਹਾ ਕਿ ਖੂਨ ਦਾਨ ਕਰਨ ਸਬੰਧੀ ਬਹੁਤੇ ਲੋਕ ਅਨੇਕਾਂ ਗਲਤ ਧਾਰਨਾਵਾਂ ਦੇ ਸ਼ਿਕਾਰ ਹਨ, ਉਹ ਸਮਝਦੇ ਹਨ ਕਿ ਖੂਨ ਦਾਨ ਕਰਨ ਨਾਲ ਸਰੀਰ ਵਿੱਚ ਕਮਜ਼ੋਰੀ ਆ ਜਾਂਦੀ ਹੈ ਜੋ ਕਿ ਬਿਲਕੁਲ ਬੇ-ਬੁਨਿਆਦ ਹੈ।ਉਨ੍ਹਾ ਕਿਹਾ ਕਿ ਇੱਕ ਸਿਹਤਮੰਦ ਵਿਅਕਤੀ ਹਰ 3 ਮਹੀਨੇ ਬਾਅਦ ਖੂਨ ਦਾਨ ਕਰ ਸਕਦਾ ਹੈ ਤੇ ਖੂਨ ਦਾਨ ਕਰਨ ਉਪਰੰਤ 48 ਘੰਟੇ ਬਾਅਦ ਹੀ ਖੂਨ ਦੇ ਸੈੱਲ ਬਣਨੇ ਸ਼ੁਰੂ ਹੋ ਜਾਂਦੇ ਹਨ।ਉਨ੍ਹਾ ਕਿਹਾ ਕਿ ਖੂਨਦਾਨ ਜਿੱਥੇ ਕਿਸੇ ਲੋੜਵੰਦ ਨੂੰ ਨਵੀਂ ਜ਼ਿੰਦਗੀ ਬਖਸ਼ਦਾ ਹੈ, ਉਥੇ ਹੀ ਖੂਨ ਦਾਨ ਕਰਨ ਵਾਲੇ ਮਨੁੱਖੀ ਸਰੀਰ ਨੂੰ ਕਈ ਲਾਭ ਪਹੁੰਚਾ ਸਕਦਾ ਹੈ।ਇਸ ਮੌਕੇ ਉਨ੍ਹਾਂ ਲੋਕਾਂ ਨੂੰ ਖੂਨ ਦਾਨ ਕਰਨ ਦੀ ਅਪੀਲ ਕੀਤੀ ਤੇ ਸਮਾਜ ਸੇਵੀ ਸੰਸਥਾਵਾਂ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਵੀ ਕੀਤੀ।

ਭਗਤ ਸਿੰਘ ਰੁਜ਼ਗਾਰ ਗਰੰਟੀ ਕਾਨੂੰਨ ਅੱਜ ਦੀ ਨੌਜਵਾਨੀ ਦੀ ਮੁੱਖ ਲੋੜ : ਦੀਨਾ, ਹਰਪ੍ਰੀਤ

ਮੋਗਾ (ਇਕਬਾਲ ਸਿੰਘ ਖਹਿਰਾ)-ਪਰਮਗੁਣੀ ਭਗਤ ਸਿੰਘ ਦੇ ਜਨਮ ਦਿਨ ਦੀ ਤਿਆਰੀ ਵਜੋਂ ਅੱਜ ਤਿਆਰੀ ਕਮੇਟੀ ਦੀ ਮੀਟਿੰਗ ਸਰਬ ਭਾਰਤ ਨੌਜਵਾਨ ਸਭਾ ਦੇ ਜ਼ਿਲ੍ਹਾ ਸਕੱਤਰ ਗੁਰਾਂਦਿੱਤਾ ਦੀਨਾ ਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਜ਼ਿਲ੍ਹਾ ਪ੍ਰਧਾਨ ਹਰਪ੍ਰੀਤ ਦੀ ਪ੍ਰਧਾਨਗੀ ਹੇਠ ਕੀਤੀ ਗਈ। ਆਗੂਆਂ ਨੇ ਬੋਲਦਿਆਂ ਕਿਹਾ ਕਿ ਦੇਸ਼ ਸਿਰਫ 6 ਪੂੰਜੀਪਤੀਆਂ ਕੋਲ ਕੁੱਲ ਦੌਲਤ ਦੇ 51 ਫੀਸਦੀ ਹਿੱਸੇ 'ਤੇ ਕਬਜ਼ਾ ਸੀ ਅਤੇ ਦੂਜੇ ਪਾਸੇ 90 ਫੀਸਦੀ ਆਮ ਲੋਕ ਸਿਰਫ 10 ਫੀਸਦੀ ਤੋਂ ਵੀ ਘੱਟ ਨਾਲ ਦਿਨ ਕਟੀ ਕਰਨ ਲਈ ਮਜਬੂਰ ਹਨ।

ਦੁਨੀਆ ਦੇ ਅਮੀਰਾਂ ਵਿੱਚ ਸ਼ੁਮਾਰ ਹੋਣ ਲਈ ਸਾਡੇ 90 ਫੀਸਦੀ ਆਮ ਲੋਕਾਂ ਦੀ ਕਿਰਤ ਦੀ ਲੁੱਟ ਕੀਤੀ ਗਈ ਹੈ। ਇਸ ਲੁੱਟ ਖਿਲਾਫ ਪਰਮਗੁਣੀ ਭਗਤ ਸਿੰਘ ਨੇ ਆਵਾਜ਼ ਚੁੱਕਦਿਆਂ ਕਿਹਾ ਕਿ ਮੇਰੇ ਆਜਾਦ ਦੇਸ ਵਿੱਚ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਬੰਦ ਹੋਣੀ ਚਾਹੀਦੀ ਹੈ। ਰੁਜ਼ਗਾਰ ਪ੍ਰਾਪਤੀ ਮੁਹਿੰਮ ਨੇ ਸਰਮਾਏ ਦੀ ਇਸ ਲੁੱਟ ਨੂੰ ਰੋਕਣ ਤੇ ਭਗਤ ਸਿੰਘ ਦੇ ਸੁਪਨਿਆਂ ਦਾ ਸਮਾਜ ਸਿਰਜਣ ਲਈ ਇਹ ਇਨਕਲਾਬੀ ਪ੍ਰੋਗਰਾਮ ਉਲੀਕਿਆ ਹੈ, ਜਿਸ ਦਾ ਅਮਲ ਮਨੁੱਖ ਨੂੰ ਖੁਸ਼ਹਾਲ ਕਰਨ ਦੇ ਸਮਰਥ ਹੈ। ਹਰ ਇੱਕ ਨੂੰ ਰੁਜ਼ਗਾਰ ਦੇਣ ਲਈ ਦੇਸ਼ ਦੀ ਪਾਰਲੀਮੈਂਟ ਵਿੱਚ ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ (ਬੀ.ਐਨ.ਈ.ਜੀ.ਏ) ਪਾਸ ਕਰਕੇ ਲਾਗੂ ਕੀਤਾ ਜਾਵੇ, ਜਿਸ ਮੁਤਾਬਿਕ ਜੋ ਚਾਹੁੰਦਾ ਹੈ ਨੂੰ 18 ਸਾਲ ਦੀ ਉਮਰ ਤੋਂ ਕੰਮ ਅਣ-ਸਿੱਖਿਅਤ ਲਈ 35 ਹਜ਼ਾਰ, ਅਰਧ-ਸਿੱਖਿਅਤ ਲਈ 40 ਹਜ਼ਾਰ, ਸਿੱਖਿਅਤ ਲਈ 45 ਹਜ਼ਾਰ ਤੇ ਉੱਚ ਸਿੱਖਿਅਤ ਲਈ 60 ਹਜ਼ਾਰ ਪ੍ਰਤੀ ਮਹੀਨਾ ਤਨਖਾਹ ਅਤੇ ਕੰਮ ਨਾ ਦੇਣ ਦੀ ਸੂਰਤ ਵਿੱਚ ਉਕਤ ਤਨਖਾਹ ਦਾ ਅੱਧ ਕੰਮ ਇੰਤਜ਼ਾਰ ਭੱਤਾ ਦਿੱਤਾ ਜਾਵੇ ਤਾਂ ਕਿ ਉਹ ਮੁਥਾਜੀ, ਗੈਰ-ਇਖਲਾਕੀ ਗੁਨਾਹ, ਨਫਤਰ, ਭੁੱਖਮਰੀ, ਖੁਦਕੁਸ਼ੀ ਆਦਿ ਤੋਂ ਬਚ ਸਕੇ। ਇਸ ਯੋਜਨਾ ਲਈ 17 ਸਾਲ ਦੀ ਉਮਰ ਵਿੱਚ ਜ਼ਿਲ੍ਹਾ ਰੁਜ਼ਗਾਰ ਦਫਤਰ ਵਿੱਚ ਨਾਮ ਤੇ ਯੋਗਤਾ ਦਰਜ ਕਰਵਾਉਣ ਦੀ ਸੁਵਿਧਾ ਹੋਵੇ। ਆਓ ਬਨੇਗਾ ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ ਦੀ ਪ੍ਰਾਪਤੀ ਲਈ ਸਰਗਰਮੀ ਕਰੀਏ ਤੇ ਭਗਤ ਸਿੰਘ ਦਾ ਜਨਮ ਦਿਨ ਸ਼ਰਧਾ ਤੇ ਉਤਸ਼ਾਹ ਨਾਲ ਮਨਾਈਏ। ਇਸ ਮੀਟਿੰਗ ਵਿੱਚ ਸੁੱਖਾ ਮਹੇਸ਼ਰੀ, ਰਾਜੂ ਮਹੇਸ਼ਰੀ, ਕੁਲਵੀਰ ਮਹੇਸ਼ਰੀ, ਇੰਦਰਜੀਤ ਦੀਨਾ, ਸਵਰਾਜ ਖੋਸਾ, ਨਵਜੋਤ ਬਿਲਾਸਪੁਰ, ਰਾਹੁਲ ਮੋਗਾ, ਨਵਕਿਰਨ ਬੱਧਨੀ ਆਦਿ ਹਾਜ਼ਰ ਸਨ।

ਡਾ. ਗੁਰਦੀਪ ਘੁੱਦਾ ਨੂੰ ਸਦਮਾ, ਨੂੰਹ ਦਾ ਦਿਹਾਂਤ

ਮਾਨਸਾ (ਆਤਮਾ ਸਿੰਘ ਪਮਾਰ)-ਮੈਡੀਕਲ ਪ੍ਰੈਕਟੀਸ਼ਨਰਜ ਐਸੋਸੀਏਸ਼ਨ ਪੰਜਾਬ ਦੇ ਸੂਬਾ ਮੀਤ ਪ੍ਰਧਾਨ ਡਾ. ਗੁਰਦੀਪ ਸਿੰਘ ਘੁੱਦਾ ਦੇ ਪਰਵਾਰ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ, ਜਦੋਂ ਉਨ੍ਹਾਂ ਦੀ ਨੌਜਵਾਨ ਨੂੰਹ ਬੀਬੀ ਸੁਖਪਾਲ ਕੌਰ (36) ਅਚਨਚੇਤ ਪਰਵਾਰ ਨੂੰ ਸਦੀਵੀਂ ਵਿਛੋੜਾ ਦੇ ਗਏ।ਇਸ ਬਹੁਤ ਹੀ ਅਕਿਹ ਤੇ ਅਸਿਹ ਘਟਨਾ ਕਾਰਨ ਡਾ. ਗੁਰਦੀਪ ਸਿੰਘ ਦੇ ਪਰਵਾਰ 'ਤੇ ਮੁਸੀਬਤਾਂ ਦਾ ਪਹਾੜ ਟੁੱਟ ਗਿਆ ਹੈ।ਪੰਜਾਬ ਭਰ ਵਿੱਚ ਮੈਡੀਕਲ ਪ੍ਰੈਕਟੀਸ਼ਨਰਾਂ ਦੀਆਂ ਸਫ਼ਾਂ ਅਤੇ ਇਲਾਕੇ ਭਰ 'ਚ ਸੋਗ ਦੀ ਲਹਿਰ ਦੌੜ ਗਈ ਹੈ।ਘੁੱਦਾ ਪਰਵਾਰ ਨਾਲ ਦੁੱਖ ਸਾਂਝਾ ਕਰਦਿਆਂ ਐਸੋਸੀਏਸ਼ਨ ਦੇ ਸੂਬਾਈ ਪ੍ਰਧਾਨ ਵੈਦ ਧੰਨਾ ਮੱਲ ਗੋਇਲ, ਜਨਰਲ ਸਕੱਤਰ ਡਾ. ਗੁਰਮੇਲ ਸਿੰਘ ਮਾਛੀਕੇ, ਚੇਅਰਮੈਨ ਡਾ ਐਚ ਐਸ ਰਾਣੂ ਸਰਪ੍ਰਸਤ ਡਾ. ਸੁਰਜੀਤ ਸਿੰਘ, ਸਲਾਹਕਾਰ ਡਾ ਜਸਵਿੰਦਰ ਸਿੰਘ ਭੋਗਲ, ਸੀਨੀਅਰ ਮੀਤ ਪ੍ਰਧਾਨ ਡਾ. ਅਵਤਾਰ ਸਿੰਘ ਬਟਾਲਾ, ਸੂਬਾ ਪ੍ਰੈਸ

14-SEP-PAGE-3qxd.qxd 9/13/2024 9:41 PM Page 1

ਪੰਜਾਬ 'ਚ ਐੱਨ ਆਈ ਏ ਵੱਲੋਂ ਮੁੜ ਛਾਪੇਮਾਰੀ ਦੀ ਜ਼ੋਰਦਾਰ ਨਿੰਦਾ

ਚੰਡੀਗੜ੍ਹ-ਮੋਦੀ ਹਕੂਮਤ ਵੱਲੋਂ ਜ਼ੁਬਾਨਬੰਦੀ ਕਰਨ ਅਤੇ ਪੰਜਾਬ ਨੂੰ ਨਿਸ਼ਾਨਾ ਬਣਾ ਕੇ ਐਨ.ਆਈ.ਏ. ਵਲੋਂ ਅੱਜ ਤੜਕੇ ਵੱਖਰੇ-ਵੱਖਰੇ ਜ਼ਿਲ੍ਹਿਆਂ ਵਿੱਚ ਐਨ.ਆਈ.ਏ. ਵੱਲੋਂ ਕੀਤੀ ਗਈ ਮੁੜ ਛਾਪੇਮਾਰੀ ਦੀ ਸੀ.ਪੀ.ਆਈ. (ਐਮ-ਐਲ) ਨਿਊ ਡੈਮੋਕਰੇਸੀ ਵੱਲੋਂ ਜ਼ੋਰਦਾਰ ਨਿੰਦਾ ਕੀਤੀ ਗਈ ਹੈ ਅਤੇ ਐਨ.ਆਈ.ਏ. ਨੂੰ ਤੁਰੰਤ ਖਤਮ ਕਰਨ ਦੀ ਮੰਗ ਕੀਤੀ ਹੈ।ਪ੍ਰੈਸ ਨੂੰ ਜਾਰੀ ਬਿਆਨ ਰਾਹੀਂ ਪਾਰਟੀ ਦੇ ਸੀਨੀਅਰ ਆਗੂ ਕਾਮਰੇਡ ਅਜਮੇਰ ਸਿੰਘ, ਦਰਸ਼ਨ ਸਿੰਘ ਖਟਕੜ, ਕੁਲਵਿੰਦਰ ਸਿੰਘ ਵੜੈਚ ਸਮੇਤ ਹੋਰਾਂ ਨੇ ਕਿਹਾ ਕਿ ਕੇਂਦਰ ਵਿੱਚ ਚਾਹੇ ਲੰਗੜੀ ਸਰਕਾਰ ਹੈ ਪ੍ਰੰਤੂ ਮੋਦੀ ਹਕੂਮਤ ਦਾ ਫਾਸ਼ੀ ਹੱਲਾ ਖ਼ਤਮ ਨਹੀਂ ਹੋਇਆ। ਮੋਦੀ ਹਕੂਮਤ ਵਲੋਂ ਜ਼ੁਬਾਨਬੰਦੀ ਲਈ ਅਤੇ ਆਪਣੇ ਵਿਰੋਧੀਆਂ ਨੂੰ ਕੇਂਦਰੀ ਏਜੰਸੀਆਂ ਰਾਹੀਂ ਖਾਸ ਕਰ ਐਨ ਆਈ ਏ ਰਾਹੀਂ ਦਬਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਇਨਕਲਾਬੀ ਕਾਰਕੁਨਾਂ, ਵਕੀਲਾਂ ਬੁੱਧੀਜੀਵੀਆਂ ਆਦਿ ਦੇ ਝੂਠੇ ਪੁਲਸ ਮੁਕਾਬਲੇ ਬਣਾਏ ਜਾ ਰਹੇ ਹਨ, ਉਹਨਾਂ ਨੂੰ ਝੂਠੇ ਕੇਸਾਂ ਵਿੱਚ ਫਸਾ ਕੇ ਜੇਲ੍ਹਾਂ ਵਿੱਚ ਬੰਦ ਕੀਤਾ ਜਾ ਰਿਹਾ ਹੈ। ਪਿਛਲੇ ਦਿਨੀਂ ਐਨ.ਆਈ.ਏ. ਵੱਲੋਂ ਪੰਜਾਬ ਤੇ ਚੰਡੀਗੜ੍ਹ ਸਮੇਤ ਪੰਜ ਸੂਬਿਆਂ ਵਿੱਚ ਛਾਪੇਮਾਰੀ ਕੀਤੀ ਸੀ ਤੇ ਅਜੇ ਕੁਮਾਰ ਸਿੰਗਲ ਨਾਮ ਦੇ ਵਕੀਲ ਨੂੰ ਲਖਨਊ ਦੀ ਐਨ.ਆਈ.ਏ. ਸ਼ਾਖਾ ਚੰਡੀਗੜ੍ਹ ਤੋਂ ਗ੍ਰਿਫ਼ਤਾਰ ਕਰਕੇ ਲੈ ਗਈ ਸੀ। ਹੋਰ ਵਕੀਲਾਂ, ਬੁੱਧੀਜੀਵੀਆਂ, ਵਿਦਿਆਰਥੀਆਂ ਤੇ ਕਿਸਾਨ ਆਗੂਆਂ ਤੋਂ ਪੁੱਛਗਿੱਛ ਕੀਤੀ ਗਈ। ਅੱਜ ਤੜਕੇ ਪੰਜਾਬ ਦੇ ਤਿੰਨ ਜ਼ਿਲ੍ਹਿਆਂ ਅੰਮ੍ਰਿਤਸਰ, ਗੁਰਦਾਸਪੁਰ ਅਤੇ ਮੋਗਾ ਵਿੱਚ ਵੱਖਰੇ-ਵੱਖਰੇ ਲੋਕਾਂ ਦੇ ਐਨ.ਆਈ.ਏ. ਨੇ ਛਾਪੇਮਾਰੀ ਕੀਤੀ ਹੈ ਅਤੇ ਔਰਤਾਂ ਨੂੰ ਵੀ ਥਾਣੇ ਲਿਜਾ ਕੇ ਪੁੱਛਗਿੱਛ ਕੀਤੀ ਜਾ ਰਹੀ ਹੈ। ਐਨ.ਆਈ.ਏ. ਰਾਹੀਂ ਮੋਦੀ ਹਕੂਮਤ ਵਿਰੋਧੀਆਂ ਵਿੱਚ ਦਹਿਸ਼ਤ ਪਾਉਣਾ ਚਾਹੁੰਦੀ ਹੈ ਤਾਂ ਕਿ ਆਰ.ਐਸ.ਐਸ. ਤੇ ਕਾਰਪੋਰੇਟਸ ਦੀਆਂ ਨੀਤੀਆਂ ਸੌਖੀਆਂ ਲਾਗੂ ਕੀਤੀਆਂ ਜਾ ਸਕਣ। ਉਹਨਾਂ ਕਿਹਾ ਕਿ ਐਨ.ਆਈ.ਏ. ਨੂੰ ਜਿਸ ਤਰ੍ਹਾਂ ਅਧਿਕਾਰ ਦਿੱਤੇ ਗਏ ਹਨ ਉਸ ਨਾਲ ਇਹ ਭਾਰਤ ਦੇ ਸੰਘੀ ਢਾਂਚੇ 'ਤੇ ਹਮਲਾ ਹੈ। ਸੂਬੇ ਮਹਿਜ਼ ਕੇਂਦਰ ਦੇ ਰਹਿਮੋ-ਕਰਮ 'ਤੇ ਨਿਰਭਰ ਹਨ। ਪ੍ਰੰਤੂ ਇਹਨਾਂ ਛਾਪਿਆਂ ਵਿੱਚ ਪੰਜਾਬ ਸਰਕਾਰ ਵੱਲੋਂ ਐਨ.ਆਈ.ਏ. ਦੀ ਕੀਤੀ ਜਾ ਰਹੀ ਆਓ ਭਗਤ ਉਸ ਤੋਂ ਵੀ ਖ਼ਤਰਨਾਕ ਹੈ ਤੇ ਸ਼ਰਮਨਾਕ ਹੈ। ਪੰਜਾਬ ਸਰਕਾਰ ਕੋਲ ਕੋਈ ਇਖਲਾਕੀ ਹੱਕ ਨਹੀਂ ਬਚਦਾ ਇਹ ਉਹ ਕੇਂਦਰ ਸਰਕਾਰ ਤੋਂ ਪੰਜਾਬ ਸਰਕਾਰ ਦੇ ਕੰਮਕਾਰ ਵਿੱਚ ਦਖਲਅੰਦਾਜੀ ਬੰਦ ਕਰਨ ਦੀ ਮੰਗ ਕਰੇ।ਉਹਨਾਂ ਮੰਗ ਕੀਤੀ ਐਨ.ਆਈ.ਏ. ਨੂੰ ਖ਼ਤਮ ਕੀਤਾ ਜਾਵੇ ਅਤੇ ਉਸ ਵੱਲੋਂ ਕੀਤੀ ਜਾ ਰਹੀ ਛਾਪੇਮਾਰੀ ਬੰਦ ਕੀਤੀ ਜਾਵੇ, ਗ੍ਰਿਫ਼ਤਾਰ ਵਿਅਕਤੀਆਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ। ਕੇਂਦਰੀ ਏਜੰਸੀਆਂ ਦੇ ਸੂਬਿਆਂ ਵਿੱਚ ਮਨਮਰਜ਼ੀ ਨਾਲ ਦਾਖਲੇ 'ਤੇ ਪਾਬੰਦੀ ਲਾਈ ਜਾਵੇ।

ਯੇਚੁਰੀ ਦੇ ਦਿਹਾਂਤ ਨਾਲ ਦੇਸ਼ ਇੱਕ ਧਰਮ-ਨਿਰਪੱਖ ਤੇ ਲੋਕ-ਪੱਖੀ ਆਗੂ ਤੋਂ ਬਾਂਝਾ ਹੋ ਗਿਆ: ਕਟਾਰੂਚੱਕ

ਪਠਾਨਕੋਟ, (ਦਵਿੰਦਰ ਸਿੰਘ)-ਕਾਮਰੇਡ ਸੀਤਾ ਰਾਮ ਯੇਚੁਰੀ ਇਸ ਦੁਨੀਆ ਨੂੰ ਅਲਵਿਦਾ ਕਹਿ ਗਏ। ਉਨ੍ਹਾਂ ਦਾ ਘਾਟਾ ਦੇਸ਼ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਹੈ। ਇਹ ਪ੍ਰਗਟਾਵਾ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਕੀਤਾ। ਉਨ੍ਹਾਂ ਕਿਹਾ ਕਿ ਕਾਮਰੇਡ ਸੀਤਾ ਰਾਮ ਯੇਚੁਰੀ ਨੇ ਵਿਦਿਆਰਥੀ ਜੀਵਨ ਤੋਂ ਲੈ ਕੇ ਮੌਤ ਦੇ ਆਖਰੀ ਪਲਾਂ ਤੱਕ ਦੇਸ਼ ਦੇ ਅੰਦਰ ਕਿਰਤੀ ਲੋਕਾਂ ਦੀ ਆਵਾਜ਼ ਬੁਲੰਦ ਕੀਤੀ ਮੈਨੂੰ। ਇਹ ਮਾਣ ਵੀ ਹੈ ਕਿ ਮੈਨੂੰ ਉਨ੍ਹਾਂ ਦੀ ਅਗਵਾਈ ਵਿੱਚ ਕੰਮ ਕਰਨ ਦਾ ਸਮਾਂ ਮਿਲਿਆ।ਉਨ੍ਹਾਂ ਕਿਹਾ ਕਿ ਕਾਮਰੇਡ ਸੀਤਾ ਰਾਮ ਯੇਚੁਰੀ ਨੇ ਬਹੁਤ ਸਾਰੇ ਨੌਜਵਾਨਾਂ ਨੂੰ ਲੋਕਪੱਖੀ ਰਾਜਨੀਤੀ ਵਿੱਚ ਆਉਣ ਲਈ ਪ੍ਰੇਰਿਤ ਕੀਤਾ।ਅੱਜ ਦੇਸ਼ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ, ਕਾਮਰੇਡ ਸੀਤਾ ਰਾਮ ਯੇਚੁਰੀ ਅਜਿਹੀ ਸ਼ਖਸੀਅਤ ਦੇ ਮਾਲਕ ਸਨ ਕਿ ਅੱਜ ਦੇਸ਼ ਨੂੰ ਉਨ੍ਹਾਂ ਦੀ ਹੋਰ ਵੀ ਜ਼ਿਆਦਾ ਲੋੜ ਸੀ।ਉਨ੍ਹਾਂ ਕਿਹਾ ਕਿ ਯੇਚੁਰੀ ਦੇ ਅਚਾਨਕ ਦਿਹਾਂਤ ਨਾਲ ਸੀ. ਪੀ. ਆਈ. ਐੱਮ. ਅਤੇ ਉਨ੍ਹਾਂ ਦੇ ਪਰਿਵਾਰ ਨੂੰ ਜਿਥੇ ਬਹੁਤ ਵੱਡਾ ਘਾਟਾ ਪਿਆ ਹੈ ਉਥੇ ਹੀ ਦੇਸ਼ ਇੱਕ ਧਰਮ-ਨਿਰਪੱਖ ਅਤੇ ਲੋਕ-ਪੱਖੀ ਆਗੂ ਤੋਂ ਵੀ ਬਾਂਝਾ ਹੋਇਆ ਹੈ।

ਫ਼ੋਕਲੋਰ ਰਿਸਰਚ ਅਕਾਦਮੀ ਵੱਲੋਂ ਕਾਮਰੇਡ ਯੇਚੁਰੀ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਭਾਰਤੀ ਕਮਿਊਨਿਸਟ ਪਾਰਟੀ ਮਾਰਕਸਵਾਦੀ ਦੇ ਕੌਮੀ ਜਨਰਲ ਸਕੱਤਰ ਤੇ ਦੇਸ਼ ਦੇ ਚੋਟੀ ਦੇ ਕਮਿਊਨਿਸਟ ਆਗੂ ਕਾਮਰੇਡ ਸੀਤਾਰਾਮ ਯੇਚੁਰੀ ਦੇ ਸਦੀਵੀ ਵਿਛੋੜੇ ਤੇ ਵੱਖ-ਵੱਖ ਸੰਸਥਾਵਾਂ, ਫ਼ੋਕਲੋਰ ਰਿਸਰਚ ਅਕਾਦਮੀ ਦੇ ਪ੍ਰਧਾਨ ਰਮੇਸ਼ ਯਾਦਵ, ਪ੍ਰਗਤੀਸ਼ੀਲ ਲੇਖਕ ਸੰਘ ਦੇ ਕੌਮੀ ਜਨਰਲ ਸਕੱਤਰ ਸੁਖਦੇਵ ਸਿੰਘ ਸਿਰਸਾ, ਪ੍ਰਗਤੀਸ਼ੀਲ ਲੇਖਕ ਸੰਘ ਦੇ ਪੰਜਾਬ ਪ੍ਰਧਾਨ ਸੁਰਜੀਤ ਜੱਜ, ਜਨਰਲ ਸਕੱਤਰ ਕੁਲਦੀਪ ਸਿੰਘ ਦੀਪ ਅਤੇ ਹੋਰ ਸ਼ਖ਼ਸੀਅਤਾਂ ਵਲੋਂ ਡੂੰਘੇ ਦੁਖ ਦਾ ਇਜ਼ਹਾਰ ਕੀਤਾ ਗਿਆ ਹੈ। ਅਕਾਦਮੀ ਦੇ ਪ੍ਰਧਾਨ ਰਮੇਸ਼ ਯਾਦਵ ਨੇ ਦੱਸਿਆ ਕਿ ਕਾਮਰੇਡ ਯੇਚਰੀ ਨਾਲ ਲਗਭਗ 20 ਸਾਲਾਂ ਤੋਂ ਵੀ ਵੱਧ ਨੇੜਤਾ ਰਹੀ ਹੈ। ਉਨ੍ਹਾਂ ਨੇ ਯੇਚੁਰੀ ਸਾਹਿਬ ਨੂੰ ਯਾਦ ਕਰਦਿਆਂ ਕਿਹਾ ਕਿ ਅਮਨ ਪਸੰਦ ਅਤੇ ਲੋਕਾਂ ਦੇ ਹੱਕਾ ਦੀ ਗੱਲ ਬਹੁਤ ਦਮਦਾਰ ਤਰੀਕੇ ਨਾਲ ਉਠਾਉਂਦੇ ਸੀ। ਉਨ੍ਹਾਂ ਨੇ ਇਹ ਵੀ ਜ਼ਿਕਰ ਕੀਤਾ ਕਿ ਫ਼ੋਕਲੋਰ ਰਿਸਰਚ ਅਕਾਦਮੀ ਅਤੇ ਹਿੰਦ-ਪਾਕਿ ਦੋਸਤੀ ਮੰਚ ਵੱਲੋਂ ਹਰ ਸਾਲ ਕਰਵਾਏ ਜਾਂਦੇ ਸੈਮੀਨਾਰ ਅਤੇ ਕੈਂਡਲ ਮਾਰਚ ਦੇ ਵੀ ਹਿੱਸਾ ਰਹੇ ਹਨ। ਉਨ੍ਹਾਂ 2006 ਅਤੇ 2012 ਵਿੱਚ ਅਤਵਾਦ ਨਾਲ ਪ੍ਰਭਾਵਤ ਸਾਊਥ ਏਸ਼ੀਆ ਦੇ ਦੇਸ਼ਾਂ ਦੇ ਸਬੰਧ ਵਿੱਚ ਕਰਵਾਏ ਸੈਮੀਨਾਰ ਵਿੱਚ ਹਿੱਸਾ ਲਿਆ। ਉਹ ਬਹੁਤ ਹੀ ਜ਼ਿੰਦਾ ਦਿੱਲ ਇਨਸਾਨ ਦੇ ਨਾਲ-ਨਾਲ ਬਹੁਤ ਵੱਡੇ ਵਿਦਵਾਨ ਵੀ ਸਨ। ਉਹ ਭਾਰਤੀ ਕਮਿਊਨਿਸਟ ਪਾਰਟੀ ਮਾਰਕਸਵਾਦੀ ਵੱਲੋਂ ਰਾਜ ਸਭਾ ਵਿੱਚ ਆਪਣੀਆਂ ਸੇਵਾਵਾਂ ਵੀ ਨਿਭਾ ਚੁੱਕੇ ਸਨ। ਇਸ ਮੌਕੇ ਵਿਰਸਾ ਵਿਹਾਰ ਅੰਮ੍ਰਿਤਸਰ ਦੇ ਪ੍ਰਧਾਨ ਨਾਟਕਕਾਰ ਕੇਵਲ ਧਾਲੀਵਾਲ, ਪ੍ਰਗਤੀਸ਼ੀਲ ਲੇਖਕ ਸੰਘ ਦੇ ਜ਼ਿਲ੍ਹਾ ਪ੍ਰਧਾਨ ਭੂਪਿੰਦਰ ਸਿੰਘ ਸੰਧੂ, ਸਕੱਤਰ ਧਰਵਿੰਦਰ ਔਲਖ, ਮੀਤ ਪ੍ਰਧਾਨ ਨਿਰੰਜਨ ਸਿੰਘ ਗਿੱਲ, ਸੁਖਬੀਰ ਸਿੰਘ ਭੁੱਲਰ, ਮਹਾਂਵੀਰ ਸਿੰਘ ਗਿੱਲ, ਆਲਮੀ ਪੰਜਾਬੀ ਵਿਰਾਸਤ ਫਾਊਂਡੇਸ਼ਨ ਦੇ ਜਨਰਲ ਸਕੱਤਰ ਡਾ. ਸੁਖਦੇਵ ਸਿੰਘ ਸੇਖੋਂ, ਬਲਬੀਰ ਮੂਧਲ, ਹਰਜੀਤ ਸਿੰਘ ਰਾਜਾਸਾਂਸੀ, ਫ਼ੋਕਲੋਰ ਰਿਸਰਚ ਅਕਾਦਮੀ ਦੇ ਮੈਂਬਰ ਹਰਜੀਤ ਸਿੰਘ ਸਰਕਾਰੀਆ, ਦਿਲਬਾਗ ਸਿੰਘ, ਗੁਰਜਿੰਦਰ ਸਿੰਘ ਬਘਿਆੜੀ, ਕਮਲ ਗਿੱਲ, ਕਰਮਜੀਤ ਕੌਰ ਜੱਸਲ, ਮਨਜੀਤ ਸਿੰਘ ਧਾਲੀਵਾਲ, ਹਰੀਸ਼ ਸਾਬਰੀ, ਜਗਰੂਪ ਸਿੰਘ ਐਮਾ ਨੇ ਸਾਂਝੇ ਬਿਆਨ ਵਿੱਚ ਕਿਹਾ ਕਿ ਦੇਸ਼ ਦੇ ਚੰਗੇ ਭਵਿੱਖ ਦੇ ਜਾਮਨ ਕਾਮਰੇਡ ਸੀਤਾਰਾਮ ਯੇਚੁਰੀ ਦਾ ਅਜਿਹੇ ਮੌਕੇ ਤੁਰ ਜਾਣਾ ਬਹੁਤ ਦੁਖਦ ਹੈ ਤੇ ਦੇਸ਼ ਇਕ ਉੱਚ ਕੋਟੀ ਦੇ ਵਿਦਵਾਨ ਆਗੂ ਤੋਂ ਵਿਰਵਾ ਹੋ ਗਿਆ ਹੈ। ਕਾਮਰੇਡ ਸੀਤਾਰਾਮ ਯੇਚੁਰੀ ਨੇ ਕਈ ਵਾਰ ਦੇਸ਼ ਦੇ ਲੋਕਾਂ ਵਾਸਤੇ ਲਾਮਿਸਾਲ ਕੰਮ ਕੀਤੇ ਤੇ ਸਰਕਾਰਾਂ ਨੂੰ ਲੋਕ ਵਿਰੋਧੀ ਨੀਤੀਆਂ ਤੋਂ ਲਗਾਤਾਰ ਸੁਚੇਤ ਕੀਤਾ। ਇਨ੍ਹਾਂ ਦਾ ਵਿਛੋੜਾ ਬਹੁਤ ਵੱਡਾ ਘਾਟਾ ਹੈ।

ਹਰਚੋਵਾਲ ਤੋਂ ਆਏ ਨਗਰ ਕੀਰਤਨ ਦਾ ਬਾਬਾ ਪੱਲਾ ਜੀ ਗੇਟ 'ਤੇ ਸੁਆਗਤ

ਬੁਤਾਲਾ (ਨਿਰਮਲ ਸਿੰਘ ਸੰਘਾ)-ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਦੇ ਗੁਰਤਾਗੱਦੀ ਦਿਵਸ ਅਤੇ ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ-ਜੋਤ ਦਿਵਸ ਅਤੇ 450 ਸਾਲਾ ਸ਼ਤਾਬਦੀ ਸਮਾਰੋਹ ਨੂੰ ਸਮਰਪਿਤ ਹਰਚੋਵਾਲ ਤੋਂ ਸ੍ਰੀ ਗੋਇੰਦਵਾਲ ਸਾਹਿਬ ਜਾਣ ਲਈ ਨਗਰ ਕੀਰਤਨ ਜਦੋਂ ਪਿੰਡ ਬੁਤਾਲਾ ਵਿਖੇ ਪਹੁੰਚਿਆ ਤਾਂ ਬਾਬਾ ਪੱਲਾ ? ਜੀ ਦੇ ਗੇਟ ਤੇ ਸੰਗਤਾਂ ਨੇ ਹਾਰਦਿਕ ਸੁਆਗਤ ਕੀਤਾ।ਸੁਆਗਤ ਕਰਨ ਮੌਕੇ ਮਾਸਟਰ ਸਵਿੰਦਰ ਸਿੰਘ ਬੱਲ, ਦਲਬੀਰ ਸਿੰਘ ਬੀਰਾਂ, ਬਲਵਿੰਦਰ ਸਿੰਘ (ਰਸਾਲਦਾਰ), ਬਾਬਾ ਬੱਲਜੀਤ ਸਿੰਘ (ਹੈੱਡ ਗਰੰਥੀ ਗੁ ਬਾਬਾ ਪੱਲਾ ? ਜੀ), ਬਾਬਾ ਗੁਰਨਾਮ ਸਿੰਘ, ਪ੍ਰਧਾਨ ਰਣਜੀਤ ਸਿੰਘ, ਗੁਰਦੇਵ ਸਿੰਘ ਬੱਲ, ਤਰਸੇਮ ਸਿੰਘ, ਹਰਵਿੰਦਰ ਸਿੰਘ ਬੱਲ, ਗੁਰਮੁੱਖ ਸਿੰਘ ਲਾਡੀ, ਤੇਜਵੰਤ ਸਿੰਘ ਬੱਲ, ਸੁਖਵੰਤ ਸਿੰਘ ਸੁੱਖਾ (ਮਿਸਤਰੀ), ਰਣਜੀਤ ਸਿੰਘ ਸੰਘਾ, ਸ਼ਰਨਜੀਤ ਸਿੰਘ ਸੰਘਾ, ਅਤੇ ਪਰਮੇਹੁਰ ਕੌਰ ਆਦਿ ਹਾਜ਼ਰ ਸਨ।

ਸਾਰਾਗੜ੍ਹੀ ਦੇ ਸ਼ਹੀਦਾਂ ਦੀ ਯਾਦ 'ਚ ਗੁਰਦੁਆਰਾ ਸਾਰਾਗੜ੍ਹੀ ਸਾਹਿਬ ਵਿਖੇ ਗੁਰਮਤਿ ਸਮਾਗਮ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਸਾਰਾਗੜ੍ਹੀ ਜੰਗ ਦੀ 127ਵੀਂ ਵਰ੍ਹੇ ਗੰਢ ਮੌਕੇ ਇਥੇ ਸਥਿਤ ਗੁਰਦੁਆਰਾ ਸਾਰਾਗੜ੍ਹੀ ਸਾਹਿਬ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਮਗਰੋਂ ਗੁਰਮਤਿ ਸਮਾਗਮ ਕੀਤਾ ਗਿਆ। ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਜਗਰੂਪ ਸਿੰਘ ਦੇ ਜਥੇ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਗੁਰਮਿੰਦਰ ਸਿੰਘ ਨੇ ਕਥਾ ਵਿਚਾਰਾਂ ਕੀਤੀਆਂ। ਗਿਆਨੀ ਗੁਰਮਿੰਦਰ ਸਿੰਘ ਨੇ ਸਾਰਾਗੜ੍ਹੀ ਜੰਗ ਦੇ ਸ਼ਹੀਦ ਸਿੱਖ ਫ਼ੌਜੀਆਂ ਨੂੰ ਸ਼ਰਧਾ ਤੇ ਸਤਿਕਾਰ ਭੇਟ ਕਰਦਿਆਂ ਕਿਹਾ ਕਿ ਇਸ ਜੰਗ ਦੇ ਸ਼ਹੀਦ ਸਿੱਖ ਫ਼ੌਜੀ ਦ੍ਰਿੜ ਤਾ ਤੇ ਸਮਰਪਣ ਦੀ ਸਿਖਰਲੀ ਮਿਸਾਲ ਸਨ, ਅੱਜ ਵੀ ਇਨ੍ਹਾਂ ਬਹਾਦਰਾਂ ਸਿੱਖਾਂ ਦੀ ਲਾਸਾਨੀ ਕੁਰਬਾਨੀ ਨੂੰ ਵਿਸ਼ਵ ਭਰ ਵਿਚ ਯਾਦ ਕੀਤਾ ਜਾਂਦਾ ਹੈ। ਇਸ ਮੌਕੇ ਸਾਰਾਗੜ੍ਹੀ ਜੰਗ ਦੇ ਸ਼ਹੀਦਾਂ ਦੇ ਪਰਿਵਾਰਕ ਮੈਂਬਰਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਸ੍ਰੀ ਦਰਬਾਰ ਸਾਹਿਬ ਦੇ ਵਧੀਕ ਮੈਨੇਜਰ ਬਿਕਰਮਜੀਤ ਸਿੰਘ ਝੰਗੀ, ਗੁਰਦੁਆਰਾ ਸਾਰਾਗੜ੍ਹੀ ਸਾਹਿਬ ਦੇ ਗ੍ਰੰਥੀ ਭਾਈ ਕੁਲਵਿੰਦਰ ਸਿੰਘ ਤੇ ਭਾਈ ਜਸਪਾਲ ਸਿੰਘ ਤੋਂ ਇਲਾਵਾ ਸਾਰਾਗੜ੍ਹੀ ਦੇ ਸ਼ਹੀਦਾਂ ਦੇ ਪਰਿਵਾਰਾਂ ਵਿੱਚੋਂ ਰਣਜੀਤ ਸਿੰਘ, ਮਹਿੰਦਰ ਸਿੰਘ, ਬੀਬੀ ਸੰਤੋਸ਼ ਕੌਰ, ਬੀਬੀ ਅਵਨੀਤ ਕੌਰ, ਬੀਬੀ ਸਿਮਰਜੀਤ ਕੌਰ ਅਤੇ 4 ਸਿੱਖ ਰੈਜੀਮੈਂਟ ਵੱਲੋਂ ਗੁਰਪ੍ਰੀਤ ਸਿੰਘ, ਰਾਮ ਸਿੰਘ ਆਦਿ ਹਾਜ਼ਰ ਸਨ।

ਪੰਜਾਬ ਦੇ ਲੋਕਾਂ ਦਾ ਮਾਨ ਸਰਕਾਰ ਤੋਂ ਹੋਇਆ ਮੋਹ ਭੰਗ : ਅਜਨਾਲਾ

ਅੰਮਿਬਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਪੰਜਾਬ ਵਿੱਚ ਆ ਰਹੀਆਂ ਪੰਚਾਇਤੀ, ਜ਼ਿਲਾ ਪ੍ਰੀਸ਼ਦ ਅਤੇ ਬਲਾਕਸੰਮਤੀ ਚੋਣਾਂ ਵਿੱਚ ਕਾਂਗਰਸ ਪੱਖੀ ਉਮੀਦਵਾਰ ਹੀ ਜਿੱਤਣਗੇ, ਪੰਜਾਬ ਦੀ ਜਨਤਾ ਦਾ ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਮੋਹ ਪੂਰੀ ਤਰ੍ਹਾਂ ਭੰਗ ਹੋ ਚੁੱਕਾ ਹੈ। ਉਕਤ ਪ੍ਰਗਟਾਵਾ ਜ਼ਿਲਾ ਕਾਂਗਰਸ ਕਮੇਟੀ ਅੰਮ੍ਰਿਤਸਰ ਦਿਹਾਤੀ ਦੀ ਦਫ਼ਤਰ ਵਿਖੇ ਕੀਤੀ ਗਈ ਮਹੀਨਾਵਾਰ ਮੀਟਿੰਗ ਨੂੰ ਸੰਬੋਧਨ ਕਰਦਿਆਂ ਜ਼ਿਲਾ ਕਾਂਗਰਸ ਕਮੇਟੀ ਅੰਮ੍ਰਿਤਸਰ ਦਿਹਾਤੀ ਦੇ ਪ੍ਰਧਾਨ ਹਰਪਬਾਪ ਸਿੰਘ ਅਜਨਾਲਾ ਨੇ ਕੀਤਾ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਵੱਲੋਂ ਸਰਕਾਰ ਵਿਰੁੱਧ ਸੰਘਰਸ਼ ਛੇੜ ਦਿੱਤਾ ਹੈ। ਉਨ੍ਹਾਂ ਕਿਹਾ ਕਿ ਹੁਣ ਆਰ ਪਾਰ ਦੀ ਲੜਾਈ ਦਾ ਸਮਾਂ ਆ ਗਿਆ ਹੈ। ਇਸ ਮੌਕੇ ਕੰਵਰਪਬਾਪ ਸਿੰਘ ਅਜਨਾਲਾ ਮੀਤ ਪ੍ਰਧਾਨ ਦਿਹਾਤੀ, ਅਮਨਦੀਪ ਸਿੰਘ ਕੱਕੜ ਮੁੱਖ ਬੁਲਾਰਾ ਦਿਹਾਤੀ, ਮੈਡਮ ਲੀਲਾ ਵਰਮਾ, ਇੰਦਰਜੀਤ ਸਿੰਘ ਪੀ. ਏ. ਅਜਨਾਲਾ, ਮਲਕੀਤ ਸਿੰਘ ਪੰਧੇਰ ਕਲਾਂ, ਅਜੇਬੀਰ ਸਿੰਘ ਲੋਪੋਕੇ ਮੀਤ ਪ੍ਰਧਾਨ ਦਿਹਾਤੀ, ਸ਼ਮਸ਼ੇਰ ਸਿੰਘ ਚੋਗਾਵਾਂ ਜਨਰਲ ਸਕਤੱਰ, ਝਿਲਮਿਲ ਸਿੰਘ ਸਾਧਪੁਰ, ਅੰਗਰੇਜ਼ ਸਿੰਘ ਲੱਖੂਵਾਲ, ਸਵਿੰਦਰ ਸਿੰਘ ਚੀਚਾ, ਹਰਪਾਲ ਸਿੰਘ ਰਾਜਾਸਾਂਸੀ, ਦਿਲਬਾਗ ਸਿੰਘ ਖਿਆਲਾ, ਨਿਰਮਲ ਸਿੰਘ ਕੋਟਲਾ ਸਦਰ, ਹਰਪਾਲ ਸਿੰਘ ਹਾਸ਼ਮਪੁਰਾ, ਰਣਜੀਤ ਸਿੰਘ ਭੱਖਾ ਹਰੀ ਸਿੰਘ, ਇੰਦਰਜੀਤ ਸਿੰਘ ਹੇਰ, ਇੰਦਰਪਾਲ ਸਿੰਘ ਰਾਜਾਸਾਂਸੀ, ਸਰਵਣ ਸਿੰਘ ਨਿਜ਼ਾਮਪੁਰ, ਜਸਵਿੰਦਰ ਸਿੰਘ ਭੋਏਵਾਲੀ, ਹੁਸ਼ਿਆਰ ਸਿੰਘ ਮਿਆਦੀਆਂ, ਕੁਲਦੀਪ ਸਿੰਘ ਬੰਡਾਲਾ, ਕੁਲਦੀਪ ਕੁਮਾਰ ਟਾਂਗਰਾ, ਮੇਜਰ ਸਿੰਘ, ਮਲਕੀਤ ਸਿੰਘ, ਸ਼ਾਮ ਸਿੰਘ ਮੱਲ੍ਹ

14-Sep-PAGE-4.qxd 9/13/2024 9:46 PM Page 1

ਨਵਾਂ ਜ਼ਮਾਨਾ
ਸ਼ਨੀਵਾਰ, 14 ਸਤੰਬਰ 2024

ਜੁਗਲਬੰਦੀ !

ਕੀ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਭਾਰਤ ਦੇ ਚੀਫ ਜਸਟਿਸ ਵਿਚਾਲੇ ਸੱਚਮੁੱਚ ਕੋਈ ਜੁਗਲਬੰਦੀ ਹੈ? ਇਹ ਸਵਾਲ ਅਚਾਨਕ ਉਦੋਂ ਉੱਭਰਿਆ, ਜਦੋਂ ਬੁੱਧਵਾਰ ਪ੍ਰਧਾਨ ਮੰਤਰੀ ਚੀਫ ਜਸਟਿਸ ਦੇ ਘਰ ਗੌਰੀ-ਗਣੇਸ਼ ਦੀ ਪੂਜਾ ਕਰਨ ਪੁੱਜੇ। ਓਪਰੀ ਤੌਰ 'ਤੇ ਇਹ ਆਮ ਘਟਨਾ ਲੱਗ ਸਕਦੀ ਹੈ, ਪਰ ਇਸ ਦੇ ਅੰਦਰ ਬਹੁਪਰਤੀ ਖਤਰੇ ਲੁਕੇ ਹੋਏ ਹਨ। ਇਸ 'ਤੇ ਮੀਡੀਆ, ਖਾਸਕਰ ਸੋਸ਼ਲ ਮੀਡੀਆ 'ਤੇ ਕਾਫੀ ਘਮਸਾਨ ਛਿੜ ਗਿਆ ਹੈ। ਹੁਕਮਰਾਨ ਭਾਜਪਾ ਅਤੇ ਕੁਝ ਪਾਰਟੀਆਂ—ਮਸਲਨ ਕਾਂਗਰਸ ਤੇ ਸ਼ਿਵ ਸੈਨਾ ਵਿਚਾਲੇ ਜ਼ੁਬਾਨੀ ਜੰਗ ਛਿੜ ਗਈ ਹੈ। ਆਪੋਜ਼ੀਸ਼ਨ ਪਾਰਟੀਆਂ ਨੇ ਦੋਸ਼ ਲਾਇਆ ਹੈ ਕਿ ਇਸ ਵਿਚ ਸੰਵਿਧਾਨਕ ਮਰਿਆਦਾਵਾਂ ਦੀ ਲਛਮਣ ਰੇਖਾ ਉਲੰਘੀ ਗਈ ਹੈ। ਨਿਆਂ ਪਾਲਿਕਾ ਤੇ ਕਾਰਜ ਪਾਲਿਕਾ ਦੇ ਮੁਖੀਆਂ ਦੇ ਨਿੱਜੀ ਛਿਣਾਂ ਦਾ ਅਜਿਹਾ ਸਰਵਜਨਕ ਪ੍ਰਦਰਸ਼ਨ ਕਈ ਤਰ੍ਹਾਂ ਦੇ ਸ਼ੱਕ ਤੇ ਖਤਰਿਆਂ ਨੂੰ ਜਨਮ ਦੇ ਰਿਹਾ ਹੈ। ਸ਼ਿਵ ਸੈਨਾ (ਯੂ ਬੀ ਟੀ) ਦੇ ਸਾਂਸਦ ਸੰਜੇ ਰਾਊਤ ਨੇ ਸਵਾਲ ਉਠਾਇਆ ਹੈ ਕਿ ਪ੍ਰਧਾਨ ਮੰਤਰੀ ਦਾ ਚੀਫ ਜਸਟਿਸ ਦੇ ਘਰ ਅਚਾਨਕ ਪੁੱਜਣ ਦਾ ਇਕ ਹੀ ਮਤਲਬ ਹੈ ਕਿ ਪ੍ਰਧਾਨ ਮੰਤਰੀ ਸਿਖਰਲੀਆਂ ਅਦਾਲਤਾਂ 'ਚ ਚੱਲ ਰਹੇ ਕੁਝ ਮਾਮਲਿਆਂ 'ਚ ਆਪਣੇ ਲਈ ਦਬਾਅ ਬਣਾਉਣਾ ਚਾਹੁੰਦੇ ਹਨ। ਕੁਝ ਮੁਕੱਦਮਿਆਂ ਵਿਚ ਪ੍ਰਧਾਨ ਮੰਤਰੀ ਖੁਦ ਧਿਰ ਹਨ। ਅਜਿਹੇ ਵਿਚ ਕੀ ਉਮੀਦ ਕੀਤੀ ਜਾ ਸਕਦੀ ਹੈ ਕਿ ਚੀਫ ਜਸਟਿਸ ਡੀ ਵਾਈ ਚੰਦਰਚੂੜ ਨਿਰਪੱਖ ਰਹਿ ਪਾਉਣਗੇ। ਕੇਂਦਰੀ ਮੰਤਰੀ ਪੀਯੂਸ਼ ਗੋਇਲ ਨੇ ਕਿਹਾ ਹੈ ਕਿ ਰਾਊਤ ਵਰਗੇ ਆਗੂ ਹਿੰਦੂ ਭਾਵਨਾਵਾਂ ਤੇ ਹਿੰਦੂ ਉਤਸਵਾਂ 'ਤੇ ਹਮਲਾ ਕਰ ਰਹੇ ਹਨ। ਭਾਜਪਾ ਆਗੂਆਂ ਦਾ ਇਹ ਵੀ ਕਹਿਣਾ ਹੈ ਕਿ ਜਦ ਵੇਲੇ ਦੇ ਚੀਫ ਜਸਟਿਸ ਬਾਲਾਕ੍ਰਿਸ਼ਨਨ ਵੇਲੇ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਇਫਤਾਰ ਪਾਰਟੀ ਵਿਚ ਸ਼ਾਮਲ ਹੋਏ ਸਨ, ਉਦੋਂ ਕਿਸੇ ਨੇ ਇਤਰਾਜ਼ ਨਹੀਂ ਸੀ ਕੀਤਾ।

ਪਰ ਇੱਥੇ ਆਪੋਜ਼ੀਸ਼ਨ ਤੇ ਹੁਕਮਰਾਨਾਂ ਦੇ ਬਿਆਨਾਂ ਨੂੰ ਥੋੜ੍ਹੀ ਦੇਰ ਲਈ ਲਾਂਭੇ ਕਰਕੇ ਇਹ ਜਾਣਨਾ ਜ਼ਰੂਰੀ ਹੈ ਕਿ ਅਸਲ ਵਿਚ ਮਾਜਰਾ ਕੀ ਹੈ? ਕਿਹੜੀ ਡੋਰ ਹੈ ਜਿਹੜੀ ਨਿਆਂ ਪਾਲਿਕਾ ਤੇ ਕਾਰਜ ਪਾਲਿਕਾ ਦੇ ਮੁਖੀਆਂ ਨੂੰ ਜੋੜਦੀ ਹੈ, ਜਿਸ ਤੋਂ ਸ਼ਕਤੀ ਲੈ ਕੇ ਪ੍ਰਧਾਨ ਮੰਤਰੀ ਚੀਫ ਜਸਟਿਸ ਨਾਲ ਪੂਜਾ-ਪਾਠ ਕਰਨ ਲਈ ਖੁਦ ਨੂੰ ਹੱਕਦਾਰ ਸਮਝੇ ਹੋਣਗੇ। ਜਨਵਰੀ ਵਿਚ ਜਸਟਿਸ ਚੰਦਰਚੂੜ ਨੇ ਆਪਣੀ ਪਤਨੀ ਨਾਲ ਗੁਜਰਾਤ ਦੇ ਕੁਝ ਮੰਦਰਾਂ ਦੀ ਤੀਰਥ ਯਾਤਰਾ ਕੀਤੀ ਸੀ। ਇਨ੍ਹਾਂ ਵਿਚ ਸੋਮਨਾਥ ਮੰਦਰ ਤੇ ਦਵਾਰਕਾਧੀਸ਼ ਮੰਦਰ ਵੀ ਸਨ। ਚੀਫ ਜਸਟਿਸ ਨੇ ਭਗਵਾਂ ਭੇਸ ਧਾਰਨ ਕਰ ਰੱਖਿਆ ਸੀ ਤੇ ਉਨ੍ਹਾਂ ਦੀ ਪੂਜਾ ਦੀਆਂ ਤਸਵੀਰਾਂ ਉਤਾਰੀਆਂ ਗਈਆਂ ਸਨ, ਜਿਨ੍ਹਾਂ ਨੂੰ ਮੀਡੀਆ ਵਿਚ ਪ੍ਰਚਾਰਤ ਕੀਤਾ ਗਿਆ ਸੀ। ਇਹ ਤੀਰਥ ਯਾਤਰਾ ਅਯੁੱਧਿਆ ਵਿਚ ਰਾਮ ਮੰਦਰ ਦੇ ਉਦਘਾਟਨ ਤੋਂ ਦਸ-ਬਾਰਾਂ ਦਿਨ ਪਹਿਲਾਂ ਕੀਤੀ ਗਈ ਸੀ। ਉਦੋਂ ਵੀ ਇਤਿਹਾਸਕਾਰ ਰਾਮ ਚੰਦਰ ਗੁਹਾ ਅਤੇ ਕਈ ਪ੍ਰਗਤੀਸ਼ੀਲ ਤੇ ਲਿਬਰਲ ਵਿਦਵਾਨਾਂ ਨੇ ਕਿਹਾ ਸੀ ਕਿ ਚੀਫ ਜਸਟਿਸ ਵੱਲੋਂ ਆਪਣੇ ਮੰਦਰ ਦੌਰੇ ਨੂੰ ਸਰਵਜਨਕ ਕਰਨ ਦਾ ਤਰੀਕਾ ਪ੍ਰੇਸ਼ਾਨ ਕਰਨ ਵਾਲਾ ਹੈ। ਚੀਫ ਜਸਟਿਸ ਜੁਲਾਈ ਦੇ ਪਹਿਲੇ ਹਫਤੇ ਅਯੁੱਧਿਆ ਵਿਚ ਰਾਮ ਮੰਦਰ ਦੇ ਦਰਸ਼ਨ ਕਰਨ ਵੀ ਗਏ ਸਨ। ਇਸ ਦਾ ਵੀ ਸਰਵਜਨਕ ਪ੍ਰਚਾਰ-ਪ੍ਰਸਾਰ ਹੋਇਆ। ਪ੍ਰਧਾਨ ਮੰਤਰੀ ਆਪਣੇ ਧਾਰਮਕ ਤੇ ਸੱਭਿਆਚਾਰਕ ਪ੍ਰੋਗਰਾਮ ਕੈਮਰਿਆਂ ਦੀ ਰੌਸ਼ਨੀ ਵਿਚ ਕਰਾਉਂਦੇ ਹਨ। ਸਿਆਸਤਦਾਨ ਦੇ ਤੌਰ 'ਤੇ ਸੁਭਾਵਕ ਹੀ ਉਹ ਲਾਹਾ ਲੈਣਾ ਚਾਹੁੰਦੇ ਹਨ, ਪਰ ਚੀਫ ਜਸਟਿਸ ਦੇ ਨਿੱਜੀ ਪ੍ਰੋਗਰਾਮਾਂ ਨੂੰ ਕੈਮਰਿਆਂ ਵਿਚ ਉਤਾਰਨ ਦੀ ਪ੍ਰਕਿਰਿਆ ਹੈਰਾਨ ਕਰਨ ਵਾਲੀ ਹੈ।

ਜੇ ਭਾਰਤ ਵਰਗੇ ਮਹਾਂਦੇਸ਼ ਦੇ ਦੋ ਪ੍ਰਮੁੱਖ ਅੰਗਾਂ—ਨਿਆਂ ਪਾਲਿਕਾ ਤੇ ਕਾਰਜ ਪਾਲਿਕਾ ਦੇ ਮੁਖੀਆਂ ਦੇ ਇੱਕ ਕਮਰੇ ਵਿਚ ਇਕੱਠੇ ਆਰਤੀ-ਪੂਜਾ ਕਰਨ ਦੇ ਕੁਝ ਵੱਖਰੇ ਅਰਥ ਤਲਾਸ਼ੇ ਜਾ ਰਹੇ ਹਨ ਤਾਂ ਇਸ ਵਿਚ ਹੈਰਾਨੀ ਵਾਲੀ ਗੱਲ ਨਹੀਂ ਹੈ। ਹੈਰਾਨੀ ਤਾਂ ਹੋਵੇਗੀ ਜੇ ਇਸ ਨੂੰ ਅਣਦੇਖਾ ਕੀਤਾ ਗਿਆ। ਦੋਨਾਂ ਮੁਖੀਆਂ ਦੇ ਆਚਰਣ ਦੀ ਮਰਿਆਦਾ ਤੇ ਪਵਿੱਤਰਤਾ ਕਾਇਮ ਰਹਿਣੀ ਚਾਹੀਦੀ ਹੈ। ਇਸ ਤੋਂ ਘੱਟ ਕੁਝ ਵੀ ਦੇਸ਼ ਨੂੰ ਮਨਜ਼ੂਰ ਨਹੀਂ ਹੋਣਾ ਚਾਹੀਦਾ।

ਪਾਠਕ-ਸੱਥ

ਅਸ਼ਲੀਲਤਾ ਦੇ ਪ੍ਰਸਾਰਕ ਬਣੇ ਪ੍ਰਚਾਰ ਮਾਧਿਅਮ

ਸਾਡੇ ਰਿਸ਼ੀਆਂ- ਮੁਨੀਆਂ, ਗੁਰੂਆਂ, ਵਿਚਾਰਵਾਨਾਂ ਅਤੇ ਧਰਮ ਗ੍ਰੰਥਾਂ ਨੇ ਹਮੇਸ਼ਾ ਅਸ਼ਲੀਲਤਾ ਤੋਂ ਬਚਣ ਦੀ ਸਿੱਖਿਆ ਦਿੱਤੀ ਹੈ । ਪਰ ਪੱਛਮ ਦਾ ਪਿੱਛਲੱਗੂ ਭਾਰਤੀ ਮੀਡੀਆ ਹੀ ਅਸ਼ਲੀਲਤਾ ਪਰੋਸ ਰਿਹਾ ਹੈ। ਟੈਲੀਵਿਜ਼ਨ ਚੈਨਲ, ਅਖਬਾਰਾਂ, ਰਸਾਲੇ, ਗੀਤ, ਸੰਗੀਤ , ਵੀਡੀਓ ਗੇਮ, ਇੰਟਰਨੈੱਟ, ਅੱਜ ਅਸ਼ਲੀਲਤਾ ਦੇ ਪ੍ਰਸਾਰਕ ਬਣੇ ਹੋਏ ਹਨ । ਇਸ਼ਤਿਹਾਰੀ ਏਜੰਸੀਆਂ ਨੇ ਉਤੇਜਨਾ ਭਰਪੂਰ ਤਸਵੀਰਾਂ ਦੀ ਭਰਮਾਰ ਲਿਆ ਦਿੱਤੀ ਹੈ। ਬਿਨਾਂ ਇਹ ਸੋਚਿਆਂ ਕਿ ਇਨ੍ਹਾਂ ਦਾ ਸਮਾਜ 'ਤੇ ਕੀ ਅਸਰ ਪਵੇਗਾ। ਇਹੋ ਜਿਹੇ ਵਿੱਚ ਪੱਛਮ ਦੇ ਇਨ੍ਹਾਂ ਪਿੱਛਲੱਗੂਆਂ ਨੂੰ ਪੱਛਮ ਦੀਆਂ ਤਾਜ਼ਾ ਖੋਜਾਂ 'ਤੇ ਗੌਰ ਕਰਨੀ ਚਾਹੀਦੀ ਹੈ।

ਅਮਰੀਕਨ ਸਕਾਈਲੋਜੀਕਲ ਅਸੋਸੀਏਸ਼ਨ ਨੇ ਆਪਣੀ ਖੋਜ ਵਿੱਚ ਇਹੋ ਜਿਹੇ ਸੱਭਿਆਚਾਰ ਦੇ ਭੈੜੇ ਨਤੀਜਿਆਂ ਤੋਂ ਜਾਣੂ ਕਰਵਾਇਆ ਹੈ। ਜਿਸ ਦਾ ਸਾਰਾ ਜ਼ੋਰ ਔਰਤਾਂ ਦੇ ਸਰੀਰ 'ਤੇ ਹੈ । ਇਸ ਨਾਲ ਸਮਾਜ ਵਿੱਚ ਯੌਨ ਹਮਲੇ ਵਧ ਰਹੇ ਹਨ। ਬਲਾਤਕਾਰ ਵਧ ਰਹੇ ਹਨ ।ਉੱਥੇ ਅਮਰੀਕਾ ਦੇ ਨਿਊ ਸਾਇੰਟਿਸਟ ਗਰੁੱਪ ਦੇ ਵਿਗਿਆਨੀਆਂ ਨੇ ਅਸ਼ਲੀਲਤਾ ਦੇ ਸਿਹਤ 'ਤੇ ਪੈਣ ਵਾਲੇ ਭੈੜੇ ਅਸਰਾਂ ਸਬੰਧੀ ਖੋਜ 'ਚੋਂ ਦੱਸਿਆ ਹੈ ਕਿ ਅਸ਼ਲੀਲ ਤਸਵੀਰਾਂ ਦੇਖਣ ਤੋਂ ਬਾਅਦ ਕੁਝ ਦੇਰ ਤੱਕ ਅੱਖਾਂ ਕੰਮ ਕਰਨੋ ਹਟ ਜਾਂਦੀਆਂ ਹਨ । ਇਸ ਨੂੰ ਇਮੋਸ਼ਨਲੀ ਬਲਾਇੰਡਨੈਸ ਜਾਂ ਭਾਵਨਾਤਮਕ ਅੰਨ੍ਹਾਪਣ ਕਹਿੰਦੇ ਹਨ। ਵਿਗਿਆਨੀਆਂ ਅਨੁਸਾਰ ਸੜਕਾਂ 'ਤੇ ਅਸ਼ਲੀਲ ਪੋਸਟਰ ਨਹੀਂ ਲੱਗਣੇ ਚਾਹੀਦੇ । ਜਿਸ ਕਾਰਨ ਐਕਸੀਡੈਂਟ ਹੋਣ ਦੀ ਸੰਭਾਵਨਾ ਰਹਿੰਦੀ ਹੈ। ਇਸ ਤੋਂ ਇਲਾਵਾ ਅਸ਼ਲੀਲਤਾ ਦਿਲ ਦਿਮਾਗ 'ਤੇ ਵੀ ਆਪਣਾ ਬੁਰਾ ਪ੍ਰਭਾਵ ਪਾਉਂਦੀ ਹੈ।

ਮੀਡੀਆ ਅੱਜ ਜਿਸ ਢੰਗ ਨਾਲ ਔਰਤ ਨੂੰ ਯੌਨ ਸਮੱਗਰੀ ਵੱਲੋਂ ਪ੍ਰਸਾਰਿਤ ਕਰ ਰਿਹਾ ਹੈ ।ਇਸ ਨੂੰ ਰੋਕਣ ਲਈ ਸਰਕਾਰ ਅਤੇ ਸਮਾਜ ਦੋਨਾਂ ਨੂੰ ਅੱਗੇ ਆਉਣਾ ਪਵੇਗਾ । ਸਰਕਾਰ ਨੂੰ ਰਾਜਨੀਤਿਕ ਸੋਚ ਦਾ ਸਬੂਤ ਦਿੰਦੇ ਹੋਏ ਸਖਤ ਕਾਨੂੰਨ ਬਣਾ ਕੇ ਅਸ਼ਲੀਲਤਾ (ਨੰਗੇਜਪਨ) ਪਰੋਸਣ ਵਾਲੇ ਪ੍ਰੋਗਰਾਮਾਂ ਅਤੇ ਇਸ਼ਤਿਹਾਰਾਂ 'ਤੇ ਰੋਕ ਲਾਉਣੀ ਚਾਹੀਦੀ ਹੈ। ਸਾਨੂੰ ਵੀ ਇਹੋ ਜਿਹੇ ਪ੍ਰੋਗਰਾਮਾਂ, ਅਖਬਾਰਾਂ ਵਾਲਿਆਂ ਦੀ ਵਿਰੋਧਤਾ ਕਰਨੀ ਚਾਹੀਦੀ ਹੈ । ਜਿਹੜੇ ਕਿ ਅਸ਼ਲੀਲਤਾ ਫੈਲਾਅ ਰਹੇ ਹਨ।

-ਡਾਕਟਰ ਨਰਿੰਦਰ ਭੱਪਰ ਝਬੇਲਵਾਲੀ, 62841-45349

ਐਸਬੈਸਟੋਸ ਪ੍ਰਦੂਸ਼ਨ ਦਾ ਕਹਿਰ ਤੇ ਪੰਜਾਬ

ਡਾਕਟਰ ਹਰਗੁਰਪਰਤਾਪ ਸਿੰਘ

ਪੰਜਾਬ ਵਿੱਚ ਇੱਕ ਪ੍ਰਮੁੱਖ ਮੁੱਦਾ ਬਣ ਕੇ ਉੱਭਰ ਰਿਹਾ ਹੈ। ਪੰਜਾਬ ਵਿੱਚ ਅਨੇਕਾਂ ਤਰ੍ਹਾਂ ਦੇ ਚੰਗੇ ਤੇ ਮਾੜੇ, ਸਿਆਣੇ ਤੇ ਸਿੱਧ ਪੱਧਰੇ, ਚਾਲ-ਬਾਜ਼ ਤੇ ਸ਼ਰੀਫ, ਕੁਰੱਪਟ ਤੇ ਇਮਾਨਦਾਰ, ਵਾਤਾਵਰਣ ਪ੍ਰੇਮੀ ਪਾਏ ਜਾਂਦੇ ਹਨ । ਅਨੇਕਾਂ ਵਾਤਾਵਰਨ ਪ੍ਰੇਮੀਆਂ ਦਾ ਵਾਤਾਵਰਣ ਪ੍ਰੇਮ ਕੁਝ ਖਾਸ ਕਬੀਲਿਆਂ ਨਾਲ ਗੈਰ-ਵਿਗਿਆਨਕ ਨਫ਼ਰਤੀ ਤੁਅਸਬਾਂ ਵਿੱਚੋਂ ਉਪਜਦਾ ਹੈ ।ਕੁਝ ਹੋਰ ਵਾਤਾਵਰਣ ਪ੍ਰੇਮੀ ਆਪਣੇ ਵਾਤਾਵਰਣ ਪ੍ਰੇਮ ਨੂੰ ਰਾਜਨੀਤੀ ਦੀਆਂ ਪੌੜੀਆਂ ਚੜ੍ਹਨ ਦੇ ਹੀਲੇ-ਵਸੀਲੇ ਵਜੋਂ ਵਰਤਦੇ ਹਨ ਤੇ ਕੁਝ ਹੋਰ ਵਾਤਾਵਰਣ ਪ੍ਰੇਮੀ ਪੰਜਾਬ ਦੀ ਫਿਜ਼ਾ ਨੂੰ ਖੋਰੂ ਪਾਉ, ਭੜਕਾਊ, ਖਿੱਤਾਵਾਦੀ, ਗਰਮ-ਖਿਆਲੀ, ਮੋੜਾ ਦੇਣ ਵਾਸਤੇ ਵਰਤਦੇ ਹਨ ।

ਅਜਿਹੇ ਵਿੱਚ ਸੁਚੇਤ, ਵਿਗਿਆਨਕ, ਤਰਕਵਾਦੀ, ਨਾਨਕਵਾਦੀ, ਦੇਸ਼ ਪੰਜਾਬ ਦੇ ਸੱਚੇ ਸਪੂਤ, ਅਸਲੀ ਵਾਤਾਵਰਣ ਪ੍ਰੇਮੀਆਂ ਦੀ ਜ਼ਿੰਮੇਵਾਰੀ ਹੋਰ ਵੀ ਵੱਡੀ ਬਣ ਜਾਂਦੀ ਹੈ ਕਿ ਜਿੱਥੇ ਵਾਤਾਵਰਣ ਸਾਂਭ-ਸੰਭਾਲ ਅਤੇ ਪ੍ਰਦੂਸ਼ਣ ਵਿਰੋਧੀ ਸੰਘਰਸ਼ ਦੀ ਲੀਹ, ਗਰੀਬ ਪੱਖੀ, ਮਜ਼ਦੂਰ ਪੱਖੀ, ਦਲਿਤ ਪੱਖੀ, ਪੰਜਾਬ ਪੱਖੀ ਰੱਖਣ 'ਤੇ ਜ਼ੋਰ ਲਾਇਆ ਜਾਵੇ, ਉੱਥੇ ਨਕਲੀ ਵਾਤਾਵਰਣ ਪ੍ਰੇਮੀਆਂ ਦਾ ਹੀਜ਼-ਪਿਆਜ਼ ਵੀ ਨੰਗਾ ਕੀਤਾ ਜਾਵੇ। ਅਜਿਹੇ ਵਿੱਚ ਇਹ ਅਣਸਰਦੀ ਲੋੜ ਬਣ ਜਾਂਦੀ ਹੈ ਕਿ ਪ੍ਰਦੂਸ਼ਣ ਦੇ ਕਾਰਕ ਤੇ ਵਾਤਾਵਰਣ ਵਿਗਾੜ ਦੇ ਕਾਰਕ, ਵੱਖੋ-ਵੱਖਰੇ ਕਾਰਨਾਂ ਅਤੇ ਕਾਰਜਾਂ ਨੂੰ ਲੋਕ ਕਚਹਿਰੀ ਵਿੱਚ ਲਗਾਤਾਰ ਰੱਖਿਆ ਜਾਵੇ ਅਤੇ ਗਰੀਬ ਪੱਖੀ, ਪੰਜਾਬ ਪੱਖੀ ਵਿਗਿਆਨਕ ਸੋਚ ਅਨੁਸਾਰ ਰੱਖਿਆ ਜਾਵੇ। ਅਜਿਹੇ ਵਿੱਚ ਇੱਕ ਖ਼ਾਸ ਪ੍ਰਦੂਸ਼ਣ ਕਾਰਕ ਕੈਮੀਕਲ ਐਸਬੈਸਟੋਸ ਦੀ ਚਰਚਾ ਅੱਜ ਆਪਾਂ ਇਸ ਲੇਖ ਰਾਹੀਂ ਕਰਾਂਗੇ।

ਭਾਰਤੀ ਗੋਦੀ ਮੀਡੀਆ ਤੇ ਪੰਜਾਬੀ ਗੋਦੀ ਮੀਡੀਆ ਨੇ ਸਾਨੂੰ ਇਹ ਕਦੇ ਨਹੀਂ ਦੱਸਣਾ ਕਿ ਐਸਬੈਸਟੋਸ ਕੀ ਸ਼ੈਅ ਹੈ ? ਇਸ ਦੇ ਕੀ ਨੁਕਸਾਨ ਹਨ ? ਤੇ ਸਾਡੀ ਆਮ ਜ਼ਿੰਦਗੀ ਨਾਲ ਇਹ ਕਿੰਨਾ ਕੁ ਜੁੜਿਆ ਹੋਇਆ ਹੈ ?

ਦੋਸਤੋ, ਐਸਬੈਸਟੋਸ ਬਾਰੇ ਇਹ ਲੇਖ ਲਿਖਣ ਦੀ ਲੋੜ ਇਸ ਗੱਲ ਵਿੱਚੋਂ ਉੱਭਰੀ ਹੈ ਕਿ ਸੰਸਾਰ ਪੱਧਰੀ ਖ਼ਬਰੀ ਚੈਨਲਾਂ ਨੇ ਇਹ ਗੱਲ ਵੱਡੀ ਪੱਧਰ 'ਤੇ ਪ੍ਰਕਾਸ਼ਿਤ ਕੀਤੀ ਹੈ ਕਿ ਭਾਰਤ ਦੁਨੀਆ ਦਾ ਐਸਬੈਸਟੋਸ ਕੈਮੀਕਲ ਨੂੰ ਆਯਾਤ ਕਰਨ ਵਾਲਾ ਨੰਬਰ 01 ਮੁਲਕ ਬਣ ਗਿਆ ਹੈ, ਜਦੋਂ ਕਿ 60 ਦੇ ਕਰੀਬ ਮੁਲਕਾਂ ਨੇ ਇਸ ਕੈਮੀਕਲ ਦੀ ਵਰਤੋਂ ਆਪਣੇ ਦੇਸ਼ਾਂ ਵਿੱਚ ਕਰਨ 'ਤੇ ਬਹੁਤ ਸਖ਼ਤ ਪਾਬੰਦੀਆਂ ਲਗਾ ਰੱਖੀਆਂ ਹਨ। ਫੇਫੜਿਆਂ ਦੇ ਕੈਂਸਰ, ਸਾਹ-ਦਮੇ ਦੀਆਂ ਬਿਮਾਰੀਆਂ ਕਰ ਦੇਣ ਵਾਲਾ, ਗਲੇ ਦਾ ਕੈਂਸਰ ਕਰ ਸਕਣ ਵਾਲਾ, ਇਹ ਕੈਮੀਕਲ 2030-2040 ਤੱਕ 60 ਲੱਖ ਭਾਰਤੀਆਂ ਨੂੰ ਬਿਮਾਰ ਕਰਨ ਦੀ ਸਮਰੱਥਾ ਰੱਖਦਾ ਹੈ ਅਤੇ ਆਮ ਭਾਰਤੀ ਜਨਤਾ ਵਾਸਤੇ ਇੱਕ ਵੱਡਾ, ਪਰ ਲੁਕਵਾਂ ਕਾਤਿਲ ਸਾਬਿਤ ਹੋਣ ਜਾ ਰਿਹਾ ਹੈ ।

ਦਰਅਸਲ ਐਸਬੈਸਟੋਸ ਬਾਰੀਕ ਧਾਗਿਆਂ ਦੀ ਤਰ੍ਹਾਂ ਇੱਕ ਰੇਸ਼ੇਦਾਰ ਖਣਿਜ ਪਦਾਰਥ ਹੈ, ਜਿਹੜਾ ਕਿ ਹਰੇ, ਲਾਲ, ਪੀਲੇ, ਚਿੱਟੇ, ਭੂਰੇ ਤੇ ਨੀਲੇ ਰੰਗ ਵਿੱਚ ਧਰਤੀ ਵਿੱਚ ਮਿਲਦਾ ਹੈ। ਭਾਰਤ ਵਿੱਚ ਇਸ ਖਣਿਜ ਦੀ ਧਰਤੀ ਵਿੱਚੋਂ ਕੱਢਣ ਦੀ ਪ੍ਰਕਿਰਿਆ 1993 ਤੋਂ ਬੰਦ ਕੀਤੀ ਜਾ ਚੁੱਕੀ ਹੈ, ਪਰ ਕਾਰਖਾਨਿਆਂ ਵਿੱਚ ਇਸ ਦੀ ਵਰਤੋਂ, ਬਾਹਰਲੇ ਮੁਲਕਾਂ ਤੋਂ ਆਯਾਤ, ਐਸਬੈਸਟੋਸ ਤੋਂ ਬਣੇ ਉਤਪਾਦਾਂ ਦੀ ਵਿਕਰੀ ਅਤੇ ਵਰਤੋਂ ਉਪਰ, ਅਤੇ ਅਗਾਹਾਂ ਐਸਬੈਸਟੋਸ ਕੈਮੀਕਲ ਨੂੰ ਵਰਤਣ ਵਾਲੇ ਕਾਰਖਾਨਿਆਂ ਅਤੇ ਫੈਕਟਰੀਆਂ ਦੁਆਰਾ ਸੁੱਟੇ ਜਾਂਦੇ ਕੂੜੇ-ਕਰਕਟ ਦੇ ਪ੍ਰਬੰਧਨ ਬਾਰੇ ਕੋਈ ਵੀ ਸਖ਼ਤ ਨਿਯਮ ਜਾਂ ਹਦਾਇਤਾਂ ਨਹੀਂ ਰੱਖੀਆਂ ਗਈਆਂ ਹਨ। ਢਿੱਲੇ-ਢਾਲੇ ਨਿਯਮਾਂ ਅਤੇ ਸਖ਼ਤ ਹਦਾਇਆਂ ਦੀ ਅਣਹੋਂਦ ਵਿੱਚ ਇਹ ਖਤਰਨਾਕ ਕੈਮੀਕਲ ਲਗਾਤਾਰ ਅਚੇਤ ਭਾਰਤੀ ਜਨਤਾ ਨੂੰ ਬਿਮਾਰੀਆਂ ਵੱਲ ਧੱਕਦਾ ਜਾ ਰਿਹਾ ਹੈ।

ਭਾਰਤ ਵਿੱਚ ਐਸਬੈਸਟੋਸ ਕਾਰਾਂ ਵਿੱਚ ਵਰਤੇ ਜਾਂਦੇ ਬਰੇਕਾਂ, ਛੱਤਾਂ ਉਪਰ ਲੱਗਣ ਵਾਲੀਆਂ ਟਾਈਲਾਂ, ਫਰਸ਼ 'ਤੇ ਲੱਗਣ ਵਾਲੀਆਂ ਟਾਈਲਾਂ, ਸੀਮਿੰਟ ਤੋਂ ਬਣੀਆਂ ਛੱਤਾਂ ਵਾਲੀਆਂ ਚਾਦਰਾਂ ਗਰਮੀ-ਸਰਦੀ ਤੋਂ ਬਚਾਅ ਕਰਨ ਵਾਲੇ ਕੰਧਾਂ ਵਿੱਚ ਪਾਏ ਜਾਣ ਵਾਲੇ ਮਟੀਰੀਅਲ ਅਤੇ ਡਰੈਸਿੰਗ ਟੇਬਲ ਉਪਰ ਪਏ ਟੈਲਕਮ ਪਾਊਡਰ ਵਿੱਚ ਪਾਇਆ ਜਾਂਦਾ ਹੈ । ਭਾਰਤ ਵਿੱਚ ਘੱਟੋ-ਘੱਟ 3000 ਕਿਸਮ ਦੇ ਰੋਜ਼ਾਨਾ ਵਰਤੋਂ ਦੇ ਉਤਪਾਦਾਂ ਵਿੱਚ ਇਹ ਮਿਲਦਾ ਹੈ । ਐਸਬੈਸਟੋਸ ਨੂੰ ਸੀਮਿੰਟ ਵਿੱਚ ਰਲਾਇਆ ਜਾਂਦਾ ਹੈ। ਅਤੇ ਉਸ ਸੀਮਿੰਟ ਤੋਂ ਬਣੀਆਂ ਹੋਈਆਂ ਛੱਤਾਂ 'ਤੇ ਲੱਗਣ ਵਾਲੀਆਂ ਚਾਦਰਾਂ ਅਤੇ ਪਾਣੀ ਦੀਆਂ ਪਾਈਪਾਂ ਆਮ ਸੀਮਿੰਟ ਤੋਂ ਵੱਧ ਹਲਕੀਆਂ ਅਤੇ ਵਧੇਰੇ ਹੰਢਣਸਾਰ ਹੁੰਦੀਆਂ ਹਨ। ਰੋਜ਼ਾਨਾ ਵਰਤੋਂ ਦੇ ਮੇਕਅੱਪ ਦੇ ਸਾਮਾਨ ਪਾਊਡਰ ਵਿੱਚ ਵੀ ਇਹ ਖ਼ਤਰਨਾਕ ਕੈਮੀਕਲ ਮਿਲਦਾ ਹੈ, ਕਿਉਂਕਿ ਧਰਤੀ ਹੇਠੋਂ ਜਿਸ ਜਗ੍ਹਾ ਤੋਂ ਟੈਲਕਮ ਪਾਊਡਰ ਦਾ ਖਣਿਜ ਮਿਲਦਾ ਹੈ ਉਸੇ ਜਗ੍ਹਾ ਤੋਂ ਹੀ ਐਸਬੈਸਟੋਸ ਦਾ ਇਹ ਜ਼ਹਿਰੀਲਾ ਖਣਿਜ ਵੀ ਨਿਕਲਦਾ ਹੈ । ਇਲੈਕਟ੍ਰਿਕ ਓਵਨ, ਆਟੋਮੈਟਿਕ ਬੋਤਲ ਵਾਰਮਰ ਆਦਿ ਅਨੇਕਾਂ ਰਸੋਈ ਦੇ ਬਰਤਨਾਂ ਵਿੱਚ ਇਹ ਫਾਇਰ ਪਰੂਫਿੰਗ ਮਟੀਰੀਅਲ ਦੇ ਤੌਰ 'ਤੇ ਵਰਤਿਆ ਜਾਂਦਾ ਹੈ। ਸਟੋਵ, ਟੋਸਟਰ, ਸਲੋ ਕੂਕਰ, ਕੌਫ਼ੀ ਪੌਟ, ਪੋਪਕੌਰਨ ਬਣਾਉਣ ਵਾਲੀਆਂ ਮਸ਼ੀਨਾਂ, ਭਾਂਡੇ ਧੋਣ ਵਾਲੀਆਂ ਮਸ਼ੀਨਾਂ, ਵਾਸ਼ਿੰਗ ਮਸ਼ੀਨਾਂ, ਡਰਾਈਰ, ਹੀਟਰ, ਵਾਲਾਂ ਨੂੰ ਸਿੱਧੇ-ਵਿੰਗੇ ਕਰਨ ਵਾਲੀਆਂ ਮਸ਼ੀਨਾਂ ਵਿੱਚ ਐਸਬੈਸਟੋਸ ਵਰਤਿਆ ਜਾਂਦਾ ਹੈ ।

ਭਾਵੇਂ ਕਿ ਘਰੇਲੂ ਵਰਤੋਂ ਦੀਆਂ ਮਸ਼ੀਨਾਂ ਵਿੱਚ ਵਰਤੇ ਜਾਂਦੇ ਐਸਬੈਸਟੋਸ ਤੋਂ ਸਾਨੂੰ ਸਿੱਧਮ-ਸਿੱਧਾ ਖਤਰਾ ਘੱਟ ਹੁੰਦਾ ਹੈ, ਪਰ ਹੇਅਰ ਡਰਾਇਰ ਵਿੱਚੋਂ ਨਿਕਲਦੀ ਗਰਮ

14-SEP-PAGE-5.qxd 9/13/2024 9:38 PM Page 1

ਬਿਜਲੀ ਮੁਲਾਜ਼ਮਾਂ ਵੱਲੋਂ ਚੌਥੇ ਦਿਨ ਵੀ ਪੰਜਾਬ 'ਚ ਧਰਨੇ ਤੇ ਰੋਸ ਰੈਲੀਆਂ

ਰਾਜਪੁਰਾ (ਰਮੇਸ਼ ਕਟਾਰੀਆ)-ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ, ਸਾਂਝਾ ਫੋਰਮ ਪੰਜਾਬ ਤੇ ਜੇ ਈ ਐਸੋਸੀਏਸ਼ਨ ਵੱਲੋਂ ਉਲੀਕੇ ਸੰਘਰਸ਼ ਤਹਿਤ 13 ਸਤੰਬਰ 2024 ਨੂੰ ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਡਵੀਜ਼ਨ ਰਾਜਪੁਰਾ ਤੇ ਪੀ ਐੱਸ ਈ ਬੀ ਪੈਨਸ਼ਨਰ ਯੂਨੀਅਨ ਏਟਕ ਪੰਜਾਬ ਡਵੀਜ਼ਨ ਰਾਜਪੁਰਾ ਵੱਲੋਂ ਚੌਥੇ ਦਿਨ ਰੋਸ ਧਰਨਾ ਦਿੱਤਾ ਗਿਆ।ਧਰਨੇ ਦੀ ਪ੍ਰਧਾਨਗੀ ਰਾਜਪੁਰਾ ਡਵੀਜ਼ਨ ਦੇ

ਸਰਪ੍ਰਸਤ ਸਾਥੀ ਪਰਮਜੀਤ ਸਿੰਘ ਨੇ ਕੀਤੀ।ਧਰਨੇ ਵਿੱਚ ਹਾਜ਼ਰ ਸੈਂਕੜਿਆਂ ਸਾਥੀਆਂ ਨੇ ਮੈਨੇਜਮੈਂਟ ਖਿਲਾਫ ਰੋਸ ਪ੍ਰਦਰਸ਼ਨ ਕੀਤਾ।ਇਸ ਧਰਨੇ ਨੂੰ ਸਾਥੀ ਅਵਤਾਰ ਸਿੰਘ ਬੂਹਾ, ਸੁਖਦੇਵ ਸਿੰਘ, ਅਤਿੰਦਰਪਾਲ ਸਿੰਘ, ਨਿਰਮਲ ਸਿੰਘ, ਕ੍ਰਿਸ਼ਨ ਕੁਮਾਰ, ਨਰਿੰਦਰ ਮਨੋਰੀ, ਦਿਨੇਸ਼ ਕੁਮਾਰ, ਨਵਦੀਪ ਸਿੰਘ, ਪਵਨ

ਕੁਮਾਰ, ਗੁਰਨਾਮ ਸਿੰਘ, ਜ਼ੋਰਾਵਰ ਸਿੰਘ, ਰਘਬੀਰ ਸਿੰਘ ਆਦਿ ਆਗੂ ਸਾਥੀਆਂ ਨੇ ਸੰਬੋਧਨ ਕੀਤਾ।ਬੁਲਾਰੇ ਸਾਥੀਆਂ ਨੇ ਧਰਨੇ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪਾਵਰ ਮੈਨੇਜਮੈਂਟ ਮੁਲਾਜ਼ਮਾਂ ਨੇ ਮਸਲੇ ਮੀਟਿੰਗਾਂ ਰਾਹੀਂ ਹੱਲ ਕਰੇ।ਪਾਵਰ ਮੈਨੇਜਮੈਂਟ ਵੱਲੋਂ ਮੰਗਾਂ ਮਨ ਕੇ ਲਾਗੂ ਨਹੀਂ ਕੀਤੀਆਂ ਜਾ ਰਹੀਆਂ।ਨਵੀਂ ਪੱਕੀ ਭਰਤੀ ਨਹੀਂ ਕੀਤੀ ਜਾ ਰਹੀ।ਹਾਦਸਾਗ੍ਰਸਤ ਹੋਏ ਮੁਲਾਜ਼ਮਾਂ ਨੂੰ ਸ਼ਹੀਦ ਦਾ

ਦਰਜਾ ਨਾ ਦੇ ਕੇ ਪਰਿਵਾਰਾਂ ਨੂੰ ਸਹੀ ਮੁਆਵਜ਼ਾ ਨਹੀਂ ਦਿੱਤਾ ਜਾ ਰਿਹਾ।ਪ੍ਰਵੀਜ਼ਨਲ ਪ੍ਰੀਅਫਡ ਦੇ ਨਾਂ 'ਤੇ ਨਵੇਂ ਭਰਤੀ ਹੋਏ ਮੁਲਾਜ਼ਮਾਂ ਦਾ ਵਿੱਤੀ ਸ਼ੋਸ਼ਣ ਕੀਤਾ ਜਾ ਰਿਹਾ ਹੈ।ਜਥੇਬੰਦੀਆਂ ਵੱਲੋਂ ਉਲੀਕੇ ਸੰਘਰਸ਼ ਤਹਿਤ ਪਟਿਆਲਾ ਸਰਕਲ ਅਧੀਨ ਰਾਜਪੁਰਾ ਡਵੀਜ਼ਨ, ਨਾਭਾ ਡਵੀਜ਼ਨ, ਸਮਾਣਾ ਡਵੀਜ਼ਨ, ਲੋਕਲ ਪਟਿਆਲਾ ਵਿਖੇ ਰੋਸ ਧਰਨੇ ਜਾਰੀ ਹਨ।ਕੌਮੀ ਆਗੂ ਹਰਭਜਨ ਸਿੰਘ ਪਿਲਖਣੀ, ਵਿੱਤ ਸਕੱਤਰ ਪੰਜਾਬ ਸਾਥੀ ਬਲਜੀਤ ਕੁਮਾਰ ਧੀਮਾਨ, ਸਰਕਲ ਪ੍ਰਧਾਨ ਸਾਥੀ ਗੁਰਦਿਆਲ ਸਿੰਘ ਬੱਬੂ ਨੇ ਸੁਨੇਹਾ ਦਿੱਤਾ ਕਿ ਦਿੱਤਾ ਕਿ ਮੈਨੇਜਮੈਂਟ ਮੁਲਾਜ਼ਮਾਂ ਦੇ ਮਸਲੇ ਮੀਟਿੰਗ ਦੇ ਕੇ ਹੱਲ ਕਰੇ ਨਹੀਂ ਤਾਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ। 16 ਸਤੰਬਰ 2024 ਤੱਕ ਜਥੇਬੰਦੀਆਂ ਵੱਲੋਂ ਉਲੀਕੇ ਸੰਘਰਸ਼ ਤਹਿਤ ਮੰਡਲ ਪੱਧਰਾਂ 'ਤੇ ਰੋਸ ਧਰਨੇ ਜਾਰੀ ਰਹਿਣਗੇ ਤੇ 17 ਸਤੰਬਰ 2024 ਨੂੰ ਹੈੱਡ ਆਫਿਸ ਪਟਿਆਲਾ ਵਿਖੇ ਵਿਸ਼ਾਲ ਧਰਨਾ ਦਿੱਤਾ ਜਾਵੇਗਾ।

ਪਟਿਆਲਾ (ਰਾਜਿੰਦਰ ਸਿੰਘ ਥਿੰਦ) : ਸਾਂਝੇ ਫੋਰਮ, ਏਕਤਾ ਮੰਚ ਤੇ ਐਸੋਸੀਏਸ਼ਨ ਆਫ ਯੂਨੀਅਰ ਇੰਜੀਨੀਅਰ ਦੀ ਬਿਜਲੀ ਮੰਤਰੀ ਨਾਲ ਹੋਈ ਮੀਟਿੰਗ ਬੇਸਿੱਟਾ ਰਹਿਣ ਤੋਂ ਬਾਅਦ 17 ਸਤੰਬਰ ਤੱਕ ਵਧਾਈ ਸਮੂਹਕ ਛੁੱਟੀ ਨੂੰ ਕਾਇਮ ਰੱਖਿਆ ਗਿਆ ਹੈ।ਚੱਲ ਰਹੇ ਸੰਘਰਸ਼ ਨੂੰ ਹੋਰ ਮਜ਼ਬੂਤ ਕਰਨ ਲਈ ਅੱਜ ਚੌਥੇ ਦਿਨ ਵੀ ਸੂਬੇ ਭਰ ਵਿੱਚ ਗੇਟ ਰੈਲੀਆਂ ਕਰਕੇ ਪੰਜਾਬ ਸਰਕਾਰ ਤੇ ਬਿਜਲੀ ਨਿਗਮ ਦੀ ਮੇਨੈਜਮੈਂਟ ਦਾ ਪਿੱਟ ਸਿਆਪਾ ਕੀਤਾ ਗਿਆ।ਫੋਕਲ ਪੁਆਇੰਟ ਡਵੀਜ਼ਨ ਦੇ ਬਾਹਰ ਵੀ ਸਾਰੇ ਬਿਜਲੀ ਮੁਲਾਜ਼ਮਾਂ ਨੇ ਗੇਟ ਰੈਲੀ ਕਰਕੇ ਮੰਨੀਆਂ ਹੋਈਆਂ 15 ਮੰਗਾਂ ਦਾ ਸਰਕੂਲਰ ਜਾਰੀ ਕਰਨ ਦੀ ਮੰਗ ਕੀਤੀ ਗਈ।ਸੁਰਜੀਤ ਸਿੰਘ ਜ਼ੋਨ ਸਕੱਤਰ ਟੀਐੱਸਯੂ, ਦਲਜੀਤ ਸਿੰਘ ਡਵੀਜ਼ਨ ਪ੍ਰਧਾਨ ਪੀਐੱਸਈਬੀ ਇੰਪਲਾਈਜ਼ ਫੈਡਰੇਸ਼ਨ ਏਟਕ, ਗਗਨਦੀਪ ਸ਼ਰਮਾ ਸਰਕਲ ਪ੍ਰਧਾਨ ਇੰਪਲਾਈਜ਼ ਫੈਡਰੇਸ਼ਨ ਪਹਿਲਵਾਨ ਤੇ ਵਿਕਾਸ ਕੁਮਾਰ ਡਵੀਜ਼ਨ ਪ੍ਰਧਾਨ ਐਸੋਸੀਏਸ਼ਨ ਆਫ ਯੂਨੀਅਰ ਇੰਜੀਨੀਅਰ ਵੱਲੋਂ ਆਯੋਜਿਤ ਗੈਟ ਰੈਲੀ ਦੀ ਸਟੇਜ ਦਾ ਸੰਚਾਲਨ ਰਘਵੀਰ ਸਿੰਘ ਜਮਾਲਪੁਰ ਨੇ ਕੀਤਾ।ਇਸ ਰੈਲੀ ਵਿੱਚ ਬਲਵਿੰਦਰ ਸਿੰਘ ਬਾਜਵਾ ਸੂਬਾ ਸੀਨੀਅਰ ਮੀਤ ਪ੍ਰਧਾਨ ਇੰਪਲਾਈਜ ਫੈਡਰੇਸ਼ਨ ਪਹਿਲਵਾਨ, ਰਘਵੀਰ ਸਿੰਘ ਸੂਬਾ ਜਥੇਬੰਦਕ ਸਕੱਤਰ ਟੀਐੱਸਯੂ, ਸਤੀਸ਼ ਕੁਮਾਰ ਪ੍ਰਧਾਨ ਕੇਂਦਰੀ ਜ਼ੋਨ ਪੀਐੱਸਈਬੀ ਇੰਪਲਾਈਜ਼ ਫੈਡਰੇਸ਼ਨ ਏਟਕ, ਗੁਰਪ੍ਰੀਤ ਸਿੰਘ ਮਹਿਦੂਦਾਂ ਡਵੀਜ਼ਨ ਪ੍ਰਧਾਨ ਸੁੰਦਰ ਨਗਰ ਮੰਡਲ, ਕੇਵਲ ਸਿੰਘ ਬਨਵੈਤ ਸੂਬਾ ਮੀਤ ਪ੍ਰਧਾਨ ਪੈਨਸ਼ਨਰ ਯੂਨੀਅਨ, ਅਵਤਾਰ ਸਿੰਘ ਸੋਖੋਂ ਸੀਨੀਅਰ ਮੀਤ ਪ੍ਰਧਾਨ ਪੈਨਸ਼ਨਰ ਐਸੋਸੀਏਸ਼ਨ ਤੇ ਸੋਬਨ ਸਿੰਘ ਠਾਕੁਰ ਨੇ ਸਾਂਝੇ ਤੌਰ 'ਤੇ ਕਿਹਾ ਕਿ ਜਦੋਂ ਤੱਕ ਮੰਨੀਆਂ ਹੋਈਆਂ ਮੰਗਾਂ ਦਾ ਸਰਕੂਲਰ ਜਾਰੀ ਨਹੀਂ ਹੁੰਦਾ, ਉਸ ਵੇਲੇ ਤੱਕ ਅਸੀਂ ਅਪਣੇ ਸੰਘਰਸ਼ ਨੂੰ ਕਿਸੇ ਵੀ ਕੀਮਤ 'ਤੇ ਖਤਮ ਨਹੀਂ ਕਰਾਂਗੇ। ਉਨ੍ਹਾਂ ਸੂਬਾਈ ਆਗੂਆਂ ਵੱਲੋਂ ਪੰਜ ਦਿਨ ਦੀ ਹੋਰ ਵਧਾਈ ਸਮੂਹਕ ਛੁੱਟੀਆਂ ਦਾ ਸਵਾਗਤ ਕਰਦਿਆਂ ਕਿਹਾ ਕਿ ਅਸੀਂ ਤਿੱਖੇ ਤੋਂ ਤਿੱਖੇ ਸੰਘਰਸ਼ ਲਈ ਤਿਆਰ ਬਰ ਤਿਆਰ ਹਾਂ।

ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ) : ਬਿਜਲੀ ਮੁਲਾਜ਼ਮਾਂ ਵੱਲੋਂ ਲਗਾਤਾਰ ਚੌਥੇ ਦਿਨ ਬਿਜਲੀ ਦਫਤਰ ਗੁਰੂ ਹਰਸਹਾਏ ਦੇ ਗੇਟ 'ਤੇ ਰੋਸ ਰੈਲੀ ਪ੍ਰਧਾਨ ਨਾਨਕ ਚੰਦ ਦੀ ਪ੍ਰਧਾਨਗੀ ਹੇਠ ਕੀਤੀ ਗਈ। ਇਸ ਰੋਸ ਰੈਲੀ ਦੀ ਸਬੰਧੀ ਜਾਣਕਾਰੀ ਦਿੰਦਿਆਂ ਨਾਨਕ ਚੰਦ ਪ੍ਰਧਾਨ ਨੇ ਦੱਸਿਆ ਕਿ ਰੈਲੀ ਵਿੱਚ ਪੀ ਐੱਸ ਈ ਬੀ ਇੰਪਲਾਈਜ ਫੈਡਰੇਸ਼ਨ ਦੇ ਆਗੂ ਸਾਥੀ ਧਰਮ ਦੇਵ, ਕਰਨ ਸ਼ਰਮਾ, ਹਰਮੇਸ਼ ਸਿੰਘ, ਮਨੀਸ਼ ਮੌਂਗਾ, ਕੁਲਦੀਪ ਸਿੰਘ, ਪੈਨਸ਼ਨਰ ਐਸੋਸੀਏਸ਼ਨ ਦੇ ਆਗੂ ਨਰੇਸ਼ ਸੇਠੀ, ਬਲਵਿੰਦਰ ਸਿੰਘ ਟੀ ਐੱਸ ਯੂ ਦੇ ਆਗੂ ਸੁਰਿੰਦਰ ਕੁਮਾਰ, ਬਲਕਾਰ ਚੰਦ, ਸੁਖਦੇਵ ਸਿੰਘ, ਜਸਪਾਲ ਸਿੰਘ ਨੇ ਸੰਬੋਧਨ ਕੀਤਾ।ਆਗੂਆਂ ਨੇ ਸਮੁੱਚੇ ਬਿਜਲੀ ਕਾਮਿਆਂ/ਭਰਾਤਰੀ ਤੇ ਪੈਨਸ਼ਨਰ ਜਥੇਬੰਦੀਆਂ ਨੂੰ ਇਸ ਸਾਂਝੇ ਸੰਘਰਸ਼ ਨੂੰ ਕਾਮਯਾਬ ਬਣਾਉਣ ਲਈ ਅਪਣਾ ਬਣਦਾ ਯੋਗਦਾਨ ਪਾਉਣ ਦੀ ਪੁਰਜ਼ੋਰ ਅਪੀਲ ਕੀਤੀ।

ਮੂਨਕ (ਰਾਜਪਾਲ ਸਿੰਗਲਾ) : ਪਾਵਰ ਮੈਨੇਜਮੈਂਟ ਤੇ ਪੰਜਾਬ ਸਰਕਾਰ ਵੱਲੋਂ ਬਿਜਲੀ ਕਾਮਿਆਂ ਦੀਆਂ ਵਾਜਿਬ ਮੰਨੀਆਂ ਹੋਈਆਂ ਮੰਗਾਂ ਲਾਗੂ ਨਾ ਕਰਨ ਖਿਲਾਫ਼ ਪੀ ਐੱਸ ਈ ਬੀ ਇੰਪਲਾਈਜ਼ ਜੁਆਇੰਟ ਫੋਰਮ, ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ ਤੇ ਐਸੋਸੀਏਸ਼ਨ ਆਫ ਜੂਨੀਅਰ ਇੰਜੀਨੀਅਰਜ਼ ਦੇ ਸੱਦੇ 'ਤੇ ਪਾਵਰਕਾਮ ਦੇ ਸਮੁੱਚੇ ਡਵੀਜ਼ਨਾਂ ਦਫਤਰਾਂ ਵਿੱਚ ਬਿਜਲੀ ਕਾਮਿਆਂ ਵੱਲੋਂ ਚੌਥੇ ਦਿਨ ਵੀ ਸਮੂਹਕ ਛੁੱਟੀ ਲੈ ਕੇ ਮੰਡਲ ਦਫਤਰਾਂ ਅੱਗੇ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ ਗਿਆ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸੂਬਾਈ ਆਗੂ ਜੰਗੀਰ ਸਿੰਘ ਕਟਾਰੀਆ, ਸਰਕਲ ਆਗੂ ਜਸਵਿੰਦਰ ਸਿੰਘ ਪਸ਼ੌਰ, ਗੁਰਮੀਤ ਸਿੰਘ ਚਾਹਲ ਨੇ ਦੱਸਿਆ ਕਿ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ, ਸੀ ਐੱਚ ਬੀ ਕਰਮਚਾਰੀ, ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਪੰਜਾਬ ਨੇ ਵੀ ਸਾਡੇ ਇਸ ਚਲਦੇ ਸੰਘਰਸ਼ ਦੀ ਹਮਾਇਤ ਵਿੱਚ ਸਾਡੇ ਮੋਢੇ ਨਾਲ ਮੋਢਾ ਲਾ ਕੇ ਖੜੇ ਹਨ ਅਸੀਂ ਸਾਰਿਆਂ ਦਾ ਧੰਨਵਾਦ ਕਰਦੇ ਹਾਂ।ਅੱਜ ਦੇ ਧਰਨੇ ਨੂੰ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਆਗੂ ਗਗਨਦੀਪ ਸਿੰਘ ਮੂਣਕ, ਡਾਕਟਰ ਨਾਇਬ ਸਿੰਘ ਰਾਮਗੜ੍ਹ ਸੰਧੂਆਂ, ਰਿਟਾਇਰ ਆਗੂ ਸੁਰਿੰਦਰ ਮੋਹਣ, ਮਹਿੰਦਰ ਸਿੰਘ ਲਹਿਰਾ, ਮੁਲਾਜ਼ਮ ਆਗੂ ਬਲਵਿੰਦਰ ਕੌਸ਼ਿਕ, ਜਗਮੋਹਣ ਕੁਮਾਰ, ਖੁਸ਼ਦੀਪ ਸਿੰਘ, ਜਗਸੀਰ ਸਿੰਘ, ਜਸਵੀਰ ਸਿੰਘ, ਰਾਮਫਲ ਸਿੰਘ, ਕੁਲਦੀਪ ਸਿੰਘ, ਅਮਨਦੀਪ ਗਰਗ, ਬਲਕਰਨ ਸਿੰਘ, ਗੁਰਮੀਤ ਸਿੰਘ, ਗੁਰਛੈਬਰ ਸਿੰਘ, ਬਲਦੇਵ ਸਿੰਘ ਨਿਮਰ, ਦਰਸਨ ਸਿੰਘ ਮੀਟਰ ਇੰਸਪੈਕਟਰ ਕਰਮਜੀਤ ਸਿੰਘ ਨਗਲਾ ਆਗੂਆਂ ਸਾਥੀ ਨੇ ਬਿਜਲੀ ਨਿਗਮ ਦੀ ਮੈਨੇਜਮੈਂਟ/ਪੰਜਾਬ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਟਕਰਾਅ ਦੀ ਨੀਤੀ ਛੱਡ ਕੇ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਜਲਦੀ ਲਾਗੂ ਨਾ ਕੀਤੀਆਂ ਤਾਂ ਇਸ ਸੰਘਰਸ਼ ਵਿੱਚ ਹੋਰ ਵਾਧਾ ਕੀਤਾ ਜਾਵੇਗਾ।ਧਰਨੇ ਦੀ ਸਟੇਜ ਸਕੱਤਰ ਦੀ ਜ਼ਿੰਮੇਵਾਰੀ ਜਸਵਿੰਦਰ ਸਿੰਘ ਜੱਸਾ ਨੇ ਨਿਭਾਈ।

ਸੰਗਰੂਰ (ਪ੍ਰਵੀਨ ਸਿੰਘ) : ਪਾਵਰਕਾਮ ਦੀ ਮੈਨੇਜਮੈਂਟ ਖਿਲਾਫ ਚੌਥੇ ਦਿਨ ਵੀ ਸਮੁੱਚੀਆਂ ਜਥੇਬੰਦੀਆਂ ਵੱਲੋਂ ਲੜੇ ਜਾ ਰਹੇ ਸਾਂਝੇ ਸੰਘਰਸ਼ ਨੂੰ ਅੱਗੇ ਵਧਾਉਂਦਿਆਂ ਜ਼ਿਲ੍ਹਾ ਹੈੱਡਕੁਆਰਟਰ ਦੇ ਗੇਟ 'ਤੇ ਭਰਵੀਂ ਰੋਸ ਰੈਲੀ ਕੀਤੀ ਗਈ।ਇਸ ਮੌਕੇ ਵੱਖ-ਵੱਖ ਬੁਲਾਰਿਆਂ ਨੇ ਪਾਵਰਕਾਮ ਦੀ ਮੈਨੇਜਮੈਂਟ ਨੂੰ ਸਖ਼ਤ ਚਿਤਾਵਨੀ ਦਿੰਦਿਆਂ ਕਿਹਾ ਕਿ ਜਦੋਂ ਤੱਕ ਸਾਂਝੇ ਮੰਚ ਨਾਲ ਕੀਤੇ ਸਮਝੌਤੇ ਲਾਗੂ ਨਹੀਂ ਕੀਤੇ ਜਾਂਦੇ, ਸਾਡਾ ਸੰਘਰਸ਼ ਜਾਰੀ ਰਹੇਗਾ।ਇਸ ਰੋਸ ਰੈਲੀ ਨੂੰ ਨਿਰਭੈ ਸਿੰਘ, ਨਵੀਨ ਕੁਮਾਰ, ਫਲਜੀਤ ਸਿੰਘ, ਰਾਜਵੀਰ ਸਿੰਘ, ਜੀਵਨ ਸਿੰਘ, ਜਗਦੀਪ ਸਿੰਘ ਗੁੱਜਰਾਂ, ਜਸਮੇਲ ਸਿੰਘ ਜੱਸੀ, ਗੁਲਜਾਰ ਸਿੰਘ, ਬਿਕਰਮਜੀਤ ਸਿੰਘ, ਗੁਰਬਖਸ਼ੀਸ਼ ਸਿੰਘ, ਸੰਦੀਪ ਸਿੰਘ ਭਵਾਨੀਗੜ੍ਹ, ਭੋਲਾ ਸਿੰਘ, ਲਖਵਿੰਦਰ ਸਿੰਘ, ਮਹਿੰਦਰ ਸਿੰਘ ਭੱਠਲ, ਗੁਰਨਾਮ

ਸਿੰਘ ਭਿੰਡਰ ਤੇ ਜਗਦੇਵ ਸਿੰਘ ਨੇ ਵੀ ਸੰਬੋਧਨ ਕੀਤਾ।

ਪਟਿਆਲਾ (ਰਾਜਿੰਦਰ ਸਿੰਘ ਥਿੰਦ) : ਬਿਜਲੀ ਕਾਮਿਆਂ ਨੇ ਸੰਘਰਸ਼ ਦੇ ਦਿਨ ਆਪਣੀ ਹੜਤਾਲ ਪੰਜ ਦਿਨ ਹੋਰ ਵਧਾ ਦਿੱਤੀ ਹੈ।ਸ਼ੁੱਕਰਵਾਰ ਨੂੰ ਛੁੱਟੀ ਭਰ ਕੇ ਬਿਜਲੀ ਮੁਲਾਜ਼ਮ ਹੜਤਾਲ ਕੀਤੀ ਗਈ ਤੇ ਮੈਨੇਜਮੈਂਟ 'ਤੇ ਕੋਈ ਅਸਰ ਨਾ ਹੁੰਦਾ ਦੇਖ ਜਥੇਬੰਦੀਆਂ ਨੇ 17 ਸਤੰਬਰ ਤੱਕ ਹੜਤਾਲ ਜਾਰੀ ਰੱਖਣ ਦਾ ਐਲਾਨ ਕੀਤਾ ਹੈ।

ਬਿਜਲੀ ਮੁਲਾਜ਼ਮਾਂ ਦੀਆਂ ਪ੍ਰਮੁੱਖ ਜਥੇਬੰਦੀਆਂ ਦੇ ਸਾਂਝੇ ਫੋਰਮ, ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ ਤੇ ਐਸੋਸੀਏਸ਼ਨ ਆਫ਼ ਜੂਨੀਅਰ ਇੰਜ: ਦੇ ਸੱਦੇ 'ਤੇ ਪੰਜਾਬ ਦੇ ਸਮੁੱਚੇ ਬਿਜਲੀ ਦਫ਼ਤਰਾਂ, ਸ਼ਿਕਾਇਤ ਕੇਂਦਰਾਂ, ਬਿਜਲੀ ਸਬ ਸਟੇਸ਼ਨਾਂ, ਵਰਕਸ਼ਾਪਾਂ, ਥਰਮਲ ਪਲਾਟਾਂ, ਹਾਈਡਲ ਪ੍ਰੋਜਕਟਾਂ, ਟਰਾਂਸਮੀਸ਼ਨ ਦੇ ਮੁਲਾਜ਼ਮਾਂ ਵੱਲੋਂ ਪੰਜਾਬ ਸਰਕਾਰ ਤੇ ਮੈਨੇਜਮੈਂਟ ਖਿਲਾਫ਼ ਤੀਜੇ ਦਿਨ ਮੁਕੰਮਲ ਹੜਤਾਲ ਕਰਕੇ ਡਵੀਜ਼ਨ ਪੱਧਰ 'ਤੇ ਰੈਲੀਆਂ ਕੀਤੀਆਂ।ਹੜਤਾਲ ਕਾਰਨ ਕੈਸ਼ ਕਾਊਂਟਰ, ਸ਼ਿਕਾਇਤ ਕੇਂਦਰ ਤੇ ਸਬ ਸਟੇਸ਼ਨਾਂ 'ਤੇ ਬਿਜਲੀ ਮੁਲਾਜ਼ਮਾਂ ਰੋਸ ਪ੍ਰਦਰਸ਼ਨ ਕੀਤਾ।

ਜਥੇਬੰਦੀਆਂ ਦੇ ਆਗੂਆਂ ਰਤਨ ਸਿੰਘ ਮਾਜਰੀ, ਗੁਰਪ੍ਰੀਤ ਸਿੰਘ ਗੰਡੀਵਿੰਡ, ਗੁਰਵੇਲ ਸਿੰਘ ਬੱਲਪੁਰੀਆ, ਹਰਪਾਲ ਸਿੰਘ, ਮਨਜੀਤ ਸਿੰਘ ਚਾਹਲ ਤੇ ਕੁਲਵਿੰਦਰ ਸਿੰਘ ਢਿੱਲੋਂ ਨੇ ਦੱਸਿਆ ਕਿ ਲਗਾਤਾਰ ਬਿਜਲੀ ਮੁਲਾਜ਼ਮਾਂ ਦੀ ਹੜਤਾਲ ਤੀਜੇ ਦਿਨ ਵੀ ਜਾਰੀ ਰਹੀ।ਇਸੇ ਦੌਰਾਨ ਜਥੇਬੰਦੀਆਂ ਨੇ ਮੀਟਿੰਗ ਕਰਕੇ ਆਪਣੇ ਸੰਘਰਸ਼ ਨੂੰ ਤੇਜ਼ ਕਰਦੇ ਹੋਏ ਹੜਤਾਲ ਨੂੰ 17 ਸਤੰਬਰ ਤੱਕ ਵਧਾਉਣ ਦਾ ਫੈਸਲਾ ਕੀਤਾ ਹੈ।ਜਥੇਬੰਦੀਆਂ ਨੇ ਫ਼ੈਸਲਾ ਕੀਤਾ ਕਿ 17 ਸਤੰਬਰ ਨੂੰ ਮੁੱਖ ਦਫ਼ਤਰ ਸਾਹਮਣੇ ਵਿਸ਼ਾਲ ਪ੍ਰਦਰਸ਼ਨ ਕੀਤਾ ਜਾਵੇਗਾ।

ਭਾਰਤੀ ਕਿਸਾਨ ਯੂਨੀਅਨ ਉਗਰਾਹਾ ਵੱਲੋਂ ਬਿਜਲੀ ਮੁਲਾਜ਼ਮਾਂ ਦੇ ਸੰਘਰਸ਼ ਦੀ ਹਮਾਇਤ ਦਾ ਕੀਤੀ ਗਈ ਹੈ।ਜਥੇਬੰਦੀਆਂ ਨੇ ਪੰਜਾਬ ਸਰਕਾਰ 'ਤੇ ਦੋਸ਼ ਲਾਇਆ ਕਿ ਉਹ ਮੁਲਾਜ਼ਮਾਂ ਨੂੰ ਸੰਘਰਸ਼ ਵੱਲ ਧੱਕ ਰਹੀ ਹੈ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਚੋਣਾਂ ਵਿੱਚ ਮੁਲਾਜ਼ਮਾਂ ਅਤੇ ਲੋਕਾਂ ਨਾਲ ਵਾਅਦਾ ਕੀਤਾ ਕਿ ਕਿਸੇ ਵੀ ਵਰਗ ਨੂੰ ਧਰਨੇ ਮੁਜ਼ਾਹਰੇ ਕਰਨ ਦੀ ਲੋੜ ਨਹੀਂ ਪਵੇਗੀ, ਪਰ 30 ਮਹੀਨੇ ਦਾ ਸਮਾਂ ਬੀਤ ਜਾਣ ਦੇ ਬਾਵਜੂਦ ਮੁਲਾਜ਼ਮਾਂ ਦੇ ਮਸਲੇ ਹੱਲ ਨਹੀਂ ਕੀਤੇ ਜਾ ਰਹੇ।ਉਨ੍ਹਾਂ ਮੰਗ ਕੀਤੀ ਕਿ ਸਮੁੱਚੇ ਮੁਲਾਜ਼ਮਾਂ ਦਾ 1 ਜਨਵਰੀ 2016 ਤੋਂ 2021 ਤੱਕ ਦਾ ਬਕਾਇਆ, ਮਹਿੰਗਾਈ ਭੱਤੇ ਦੀ ਕਿਸ਼ਤ, ਹਾਦਸੇ ਵਿਚ ਸ਼ਹੀਦ ਹੋਣ ਵਾਲੇ ਕ੍ਰਮਚਾਰੀ ਦੇ ਪਰਵਾਰ ਨੂੰ ਇੱਕ ਕਰੋੜ ਦੀ ਰਾਸ਼ੀ, ਸਬ ਸਟੇਸ਼ਨ ਮੁਲਾਜ਼ਮਾਂ ਦੇ ਮਸਲੇ, 200 ਰੁਪਏ ਜਜ਼ੀਆ ਟੈਕਸ ਬੰਦ ਕਰਨਾ, ਪੈਨਸ਼ਨਰ ਕਰਮਚਾਰੀਆਂ ਦੇ ਮਸਲੇ, ਹਰ ਵਰਗ ਦੇ ਮੁਲਾਜ਼ਮਾਂ ਦੀਆਂ ਤਰੱਕੀਆਂ, ਖਾਲੀ ਅਸਾਮੀਆਂ ਦੀ ਭਰਤੀ, ਹਰ ਤਰ੍ਹਾਂ ਦੀ ਕੱਚੀ ਭਰਤੀ ਦੇ ਮੁਲਾਜ਼ਮਾਂ ਨੂੰ ਪੱਕੇ ਕਰਨਾ ਤੇ ਪੁਰਾਣੀ ਪੈਨਸ਼ਨ ਦੀ ਬਹਾਲੀ ਆਦਿ ਮੰਗਾਂ ਹੱਲ ਨਹੀ ਕੀਤੇ।

20 ਗ੍ਰਾਮ ਹੈਰੋਇਨ ਬਰਾਮਦ

ਸ੍ਰੀ ਮੁਕਤਸਰ ਸਾਹਿਬ (ਪੂਜਾ, ਸ਼ਮਿੰਦਰ ਪਾਲ)-ਥਾਣਾ ਸਦਰ ਸ੍ਰੀ ਮੁਕਤਸਰ ਸਾਹਿਬ ਦੀ ਪੁਲਸ ਪਾਰਟੀ ਨੇ ਬੂੜਾ ਗੁੱਜਰ ਰੋਡ ਸ੍ਰੀ ਮੁਕਤਸਰ ਸਾਹਿਬ ਤੋਂ ਦੋ ਨੌਜਵਾਨਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਕੋਲੋਂ 20 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ।ਇਨ੍ਹਾਂ ਦੀ ਪਹਿਚਾਣ ਅਜੇ ਸਿੰਘ ਪੁੱਤਰ ਜਗਸੀਰ ਸਿੰਘ ਤੇ ਰਘੂ

14 Septt - Page - 6.qxd 9/13/2024 9:35 PM Page 1

ਸ਼ਤਾਬਦੀ ਸਮਾਗਮਾਂ ਨੂੰ ਸਮਰਪਤ ਸੰਗਤਾਂ ਨੂੰ ਸ਼ਰਦਾਈ ਪਿਲਾਈ

ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)- ਸ਼੍ਰੀ ਗੁਰੂ ਅਮਰਦਾਸ ਜੀ ਦੇ ਜੋਤੀ-ਜੋਤਿ ਦਿਵਸ ਦੀ 450 ਸਾਲਾ ਸ਼ਤਾਬਦੀ ਸਮਾਗਮ ਮੌਕੇ ਸੰਗਤਾਂ ਲਈ ਕਾਰ ਸੇਵਾ ਸਰਹਾਲੀ ਸਾਹਿਬ ਵਾਲਿਆਂ ਵੱਲੋਂ ਸ਼ਰਦਾਈ ਦੀ ਛਬੀਲ ਲਗਾਈ ਗਈ। ਇਸ ਸਬੰਧੀ ਜਾਣਕਾਰੀ ਦਿੰਦੇ ਭਾਈ ਪ੍ਰਿਤਪਾਲ ਸਿੰਘ ਨੇ ਦੱਸਿਆ ਕਿ ਕਾਰ ਸੇਵਾ ਸੰਪਰਦਾਇ ਬਾਬਾ ਤਾਰਾ ਸਿੰਘ ਸਰਹਾਲੀ ਸਾਹਿਬ ਵਾਲਿਆਂ ਦੇ ਸੇਵਕ ਬਾਬਾ ਸੱਖਾ ਸਿੰਘ ਜੀ ਦੀ ਰਹਿਨੁਮਾਈ ਹੇਠ ਗੋਇੰਦਵਾਲ ਸਾਹਿਬ ਦੇ ਰਸਤੇ ਵਿਖੇ ਫਾਟਕ ਫਤਿਆਬਾਦ ਨੇੜੇ ਸ਼ਰਧਾਲੂਆਂ ਲਈ ਸ਼ਰਦਾਈ ਦੇ ਲੰਗਰ ਸ਼ੁਰੂ ਕੀਤੇ ਗਏ ਹਨ। ਭਾਈ ਪ੍ਰਿਤਪਾਲ ਸਿੰਘ ਨੇ ਦੱਸਿਆ ਕਿ ਸ਼ਰਦਾਈ 'ਚ ਬਦਾਮ, ਖਸਖਸ, ਮਗਜ਼ ਤੇ ਹੋਰ ਸਿਹਤਵਰਧਕ ਵਸਤਾਂ ਦਾ ਇਸਤੇਮਾਲ ਕੀਤਾ ਜਾ ਰਿਹਾ। ਉਨ੍ਹਾਂ ਕਿਹਾ ਕਿ ਸ਼ਤਾਬਦੀ ਸਮਾਗਮਾਂ ਮੌਕੇ ਸ਼ਰਧਾਲੂਆਂ ਦੀ ਸੇਵਾ ਕਰਕੇ ਲੋਕ ਆਪਣੇ ਆਪ ਨੂੰ ਸੁਭਾਗਾ ਸਮਝਦੇ ਹਨ। ਇਸ ਮੌਕੇ ਭਾਈ ਭਾਈ ਪ੍ਰਿਤਪਾਲ ਸਿੰਘ ਤੋਂ ਇਲਾਵਾ ਬਾਬਾ ਡੀਸੀ ਸਾਹਿਬ, ਜੱਸਾ ਸਿੰਘ ਗੰਡੀਵਿੰਡ, ਅਮਰਜੀਤ ਸਿੰਘ ਜਵੰਦਾ, ਹਰਬੰਸ ਸਿੰਘ ਗੰਡੀਵਿੰਡ, ਗੁਰਮੀਤ ਸਿੰਘ, ਹਰਦੇਵ ਸਿੰਘ ਵਿਰਦੀ, ਵੀਰ ਸਿੰਘ ਚੋਹਲਾ ਸਾਹਿਬ, ਹਰਜਿੰਦਰ ਸਿੰਘ ਜਵੰਦਾ, ਹੀਰਾ ਸਿੰਘ ਗੰਡੀਵਿੰਡ, ਭਾਗ ਸਿੰਘ ਨੱਥੂਪੁਰ, ਗੁਰਵਿੰਦਰ ਸਿੰਘ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੇਵਕ ਹਾਜ਼ਰ ਸਨ।

ਜਨਤਕ ਨੋਟਿਸ

ਇਸ ਦੁਆਰਾ ਨੋਟਿਸ ਦਿੱਤਾ ਜਾਂਦਾ ਹੈ ਕਿ ਰੁਪਏ 10/- ਹਰੇਕ ਇਕੁਇਟੀ ਸ਼ੇਅਰ ਸਰਟੀਫਿਕੇਟ ਨੰ. 3659, ਜੋ ਵਰਧਮਾਨ ਹੋਲਡਿੰਗਜ਼ ਲਿਮਟਿਡ ਦੇ ਫੋਲੀਓ ਨੰ. 3659 ਤਹਿਤ ਵਿਸ਼ੇਸ਼ ਨੰ. 132000-132274, ਜੋ ਓ ਪੀ ਲੋਹੀਆ ਦੇ ਨਾਂਅ ਰਜਿਸਟਰਡ ਹਨ, ਕੰਪਨੀ ਨੂੰ ਡੁਪਲੀਕੇਟ ਸਰਟੀਫਿਕੇਟ ਜਾਰੀ ਕਰਨ ਲਈ ਅਰਜ਼ੀ ਦਿੱਤੀ ਹੈ।

ਉਕਤ ਸ਼ੇਅਰ ਸਰਟੀਫਿਕੇਟ ਸੰਬੰਧੀ ਜੇਕਰ ਕਿਸੇ ਵੀ ਵਿਅਕਤੀ ਦਾ ਦਾਅਵਾ ਹੈ ਤਾਂ ਉਹ ਆਪਣਾ ਦਾਅਵਾ ਕੰਪਨੀ ਦੇ ਰਜਿਸਟਰਡ ਦਫਤਰ ਚੰਡੀਗੜ੍ਹ ਰੋਡ, ਲੁਧਿਆਣਾ, ਪੰਜਾਬ-141010 'ਤੇ ਇਸ ਨੋਟਿਸ ਦੇ ਛਪਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਕਰ ਸਕਦਾ ਹੈ। ਇਸ ਤੋਂ ਬਾਅਦ ਦਾਅਵੇ 'ਤੇ ਵਿਚਾਰ ਨਹੀਂ ਕੀਤਾ ਜਾਏਗਾ ਅਤੇ ਕੰਪਨੀ ਵੱਲੋਂ ਸ਼ੇਅਰ ਸਰਟੀਫਿਕੇਟ ਜਾਰੀ ਕਰ ਦਿੱਤਾ ਜਾਵੇਗਾ।

ਸਥਾਨ : ਲੁਧਿਆਣਾ — ਸ਼ੇਅਰ ਹੋਲਡਰ ਦਾ ਨਾਂਅ
ਮਿਤੀ : 14.9.2024 — ਓਮ ਪ੍ਰਕਾਸ਼ ਲੋਹੀਆ

COURT NOTICE

(U/o 5 Rule 20 CPC)
In The Court of Gurbir Singh
Civil Judge, (Senior Division), Amritsar
CNR No. PBAS02-003508-2022
Next Date : 05.10.2024
IDBI Bank Limited having its Branch office at court Road, Amritsar through its branch Manager Shri Atulya Mahajan DGM
Vs.
Tehal Singh S/o Narain Singh R/o House No. 360, Chohla Sahib, Tarn Taran
Civil Suit for Recovery of Rs. 7,94,706/-
Publication Issued To :
Tehal Singh S/o Narain Singh R/o House No. 360, Chohla Sahib, Teh & Distt. Tarn Taran.
In above titled case, the defendant(s)/ respondent(s) could not be served. It is ordered that defendant(s)/ respondant(s) should appear in person or through counsel on 05.10.2024 at 10:00 A.M.
For details logon to https://highcourtchd.gov.in/?trs=district_notice&district=Amritsar
Civil Judge, (Senior Division), Amritsar
Dated, this day of 10-09-2024

COURT NOTICE

(U/o 5 Rule 20 CPC)
In the Court of
Suman Pathak
Additional Civil Judge (Senior Division), Kapurthala
CNR No. PBKP02-000379-2022
Next Date :- 19-10-2024
Narinder Kaur aged about 80 years widow of Piara Singh S/o Malkit Singh resident of Village Nano Mallian,Teh. and District Kapurthala
Vs.
Shaminder Singh S/o Bikar Singh S/o Shankar Singh R/o Village Mallian, Teh. and District Kapurthala & Ors
Suit for Declaration, Suit for permanent injuncion
Publication Issued To :
General Public
3. Parminder Singh, 4. Raminder Singh S/o Sukhdev Singh both R/o Aman Nagar, Kapurthala, 7. Kulvinder Kaur D/o Piara Singh S/o Malkit Singh, 8. Gurvinder Jit Kaur D/o Piara Singh S/o Malkit Singh, both R/o Mallian,Teh. and District Kapurthala
In above titled case, the defendant(s)/ respondent(s) could not be served. It is ordered that defendant(s)/ respondent (s) should appear in person or through counsel on 19.10.2024 at 10:00 A.M.
For details logon to https://highcourtchd.gov.in/?mod=district_notice&district=Kapurthala
Additional Civil Judge (Senior Division), Kapurthala
Dated, this day of 10.09.2024

COURT NOTICE

(U/o 5 Rule 20 CPC)
In the Court of
Ms. Harpreet Kaur-1
Civil Judge (Senior Division), Jalandhar
CNR No. PBJL02-005400-2023
Next Date :- 14-11-2024
Commercial Suit/16/2023
UCO Bank
Vs.
Mohan Kumar Sharma
Suit for grant of decree for recovery of Rs.
alongwith interest as prayed for.
Publication Issued to :
1.Shahnawaz Alam S/o Sahabuddin Mohd. R/o House No. 48-T, Guru Sant Nagar, Ujala Nagar, Jalandhar. 2. Kamaljit S/o Prem Nath R/o House No. 613, Abadpura, Jalandhar.
In above titled case, the defendant(s)/ respondent(s) could not be served. It is ordered that defendant(s)/ respondent (s) should appear in person or through counsel on 14.11.2024 at 10:00 A.M.
For details logon to https://highcourtchd.gov.in/?trs=district_notice&district=Jalandhar
Civil Judge (Senior Division), Jalandhar
Dated this day of 12-09-2024

PUBLIC NOTICE

Under the instruction of Au Small Finance Bank Ltd, First Floor, Aventura Mall, Mall Road Amritsar I hereby informed the general public that Kulwant Kaur W/o Swaran Singh is the absolute owner of Property measuring 1 Kanals 18 Marlasi.e having 38/6896 share out of 344 Kanals 16 Marlas in Khewat Khatauni No. 108/328 to 353, bearing Khasra No.19//2/2 [4-8] 5 [8-0] 8/1/2 [0-8] 8/3 [2-9] 9/1 [0-8] 13/2/1 [1-3] 17 [7-17] 18/1 [2-15] 18/2/2 [1-2] 19//24 [7-12] 28//15 [8-0] 29//11/1 [1-4] 19//25/1 [4-10] 25/2 [3-10] 28//3/2 [5-6] 4 [7-12] 5 min [2-0] 7/1 [4-0] 7/2 [3-12] 8/1 [6-0] 28//5 min south [6-0] 18//19/3 [2-11] 18//20/3 [2-4] 28//14/1 [2-2] 18//19/1 [4-4] 20/1 [5-11] 21 [8-0] 22 [8-0] 19//3/1 [3-10] 3/3 [1-10] 6 [7-11] 15 [8-0] 16 [8-0] 28//14/2 [5-10] 29//1 [8-0] 2 [8-0] 9 [8-0] 12 [7-10] 19//23/2 [5-0] 19/4 [8-0] 7 [7-11] 8/1/1 [1-18] 10//25/1 [5-8] 28//17 [7-12] 24/1 [1-1] 24/2 [6-11] 33//4 [7-12] 18//11/1 [6-4] 19//13/2/3 [3-6] 14 [8-0] 189 [1-2] 28//6 [8-0] 33//3/2 [2-4] 29//10 [8-0] 11/2 [6-16] 28//18/1 [2-6] 23/2 [2-4] 10//25/2 [2-12] 11//11/1 [2-0] 12 [3-13] 21 [8-0] 22/1 [2-13] 22/2 [5-7] 10/15 [4-7] 16 [8-0] 11//11/2 [2-9] 19/2 min [6-9] 20 [8-0] 185/2 [4-0] 18//20/2 [0-4] 11//19/1 [1-11] 18/19/2 [0-17] situated in the area Ranieke Sub Tehsil Attari, Tehsil & Distt. Amritsar.

And

That Kulwant Kaur W/o Swaran Singh is taking loan on above said property from Au Small Finance Bank Ltd, First Floor, Aventura Mall, Mall Road Amritsar and Kulwant Kaur W/o Swaran Singh has lost her previous Original sale deed executed by Balraj Singh S/o Harnam Singh & Harbhajan Singh S/o Harnam Singh in favor of Sarwan Singh S/o Darshan Singh vide sale deed no. 112 dated 06-04-1994. A General Dairy Details no 031 dated 28-07-2022 has also been got registered in this respect. Anybody having claim or claiming any manner in this property or has raised loan by depositing the aforesaid document to any person/ bank/ corporation/ Financial institution may approach the undersigned and may submitted objections within 7 day from the date of this public notice. After the expiry of the period of this notice, no claim shall be entertained and such claim sell be deemed to be false fake frivolous fraudulent and baseless claim and shall have no value in the eyes of law. It shall also be deemed that nobody has any objection for mortgaging the aforesaid property with Au Small Finance Bank Ltd, First Floor, Aventura Mall, Mall Road Amritsar

Harpal Singh Nijjar (Advocate)
Office address-First Floor, Above Bhagwan Dass Vasika Near Kacheri Chownk Amritsar Mobile No. 9815610005

COURT NOTICE

In the Court of
Sh. Sumer Singh Gurjar, IAS, Financial Commissioner
(Appeal) Punjab Civil Secretariat-2, Sector 9, Chandigarh.
IN CASE OF ROR No.1078 OF 2023

The above mentioned case as per the given title is pending before this Court which relate to Partition.

Title:
Gurmit Singh S/o Pala Singh R/O VPO. Mau Sahib, Tehsil Phillaur, District Jalandhar. Petitioner

Versus

Amar Singh deceased through LR's Mohinder Singh, respondent No. 2 Son of Wattan Singh through its appointed attorney Mohinder Singh Son of Amar Singh and others. Respondents

Public Notice is issued to the following respondents:-

9. Gurdev Kaur daughter of Gurnam Singh, 10. Mohan Singh S/O Gurnam Singh Resident Village Mau Sahib, Tehsil Phillaur, District Jalandhar through his legal heirs (1) Amarjit Singh Lehal S/o Mohan Singh, (2) Sarbjit Singh Lehal S/o Mohan Singh, Both Resident Village Mau Sahib, Tehsil Phillaur, District Jalandhar, 15. Karmaljit Kaur daughter of Gurdev Singh. All resident of Village Mau Sahib, Tehsil Phillaur, District Jalandhar, 16. Sukhwinder Singh, 17. Hardip Singh, 18. Daljit Singh, all Sons of Sarwan Singh, Resident of Village Meonwal, Tehsil Phillaur, District Jalandhar, 19. Balvir Singh, 20. Mukhtiar Singh, 21. Pal Singh, all Sons of Gulzar Singh Resident of Haripur Khalsa, Tehsil Phillaur, District Jalandhar, 22. Gulzar Singh S/O Bhagwan Singh R/O Village Haripur, Tehsil Phillaur, District Jalandhar. (i) Jagtar Singh S/O Mukhtiar Singh S/O Gulzar Singh R/O Village Haripur, Tehsil Phillaur, District Jalandhar.

That the applicant/petitioner is not aware about any other address of the unserved respondents except the address as mentioned above in the memo of parties in the present ROR.

Whereas Gurmit Singh S/O Pala Singh R/O VPO Mau Sahib, Tehsil Phillaur, District Jalandhar has filed the ROR U/S 16 of the Punjab Land Revenue Act, 1887 against the order dated 20.09.2011 passed by Assistant Collector Grade-1 Phillaur, Order dated 29.08.2018 passed by the Sub Divisional Magistrate-cum-Collector Jalandhar-II and Order: dated 09.01.2023 passed by the Commissioner Jalandhar Division, Jalandhar and in the said Revision Petition, the above mentioned persons are impleaded as contesting respondents.

And whereas it has been proved to the satisfaction of the Court that the Respondents above named cannot be served in the ordinary way of service. The case is fixed for hearing on 16-10-24 at 2-30 pm and if they want to defend their case they need to appear personally or through their representative on 16.10.2024 at 2.30 pm Take the notice that in default of their appearance on the day as mentioned, the above said case will be heard and decided in their absence.

Given under my hand and seal of Court on

Sd/- (Sumer Singh Gurjar), Financial Commissioner (Appeals) Punjab at Chandigarh

ਅਦਾਲਤੀ ਇਸ਼ਤਿਹਾਰ

ਬ-ਅਦਾਲਤ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ ਦਸੂਹਾ

ਵਿਸ਼ਾ - ਮਾਲ ਰਿਕਾਰਡ ਵਿੱਚ ਨਾਂਅ ਦੀ ਦਰੁਸਤੀ ਕਰਨ ਸੰਬੰਧੀ

ਨੋਟਿਸ ਬਨਾਮ : ਜਨਰਲ ਪਬਲਿਕ

ਸ੍ਰੀਮਤੀ ਸਮਰਜੀਤ ਕੌਰ ਪੁੱਤਰੀ ਵਰਿੰਦਰ ਸਿੰਘ ਪੁੱਤਰ ਦਸੌਂਧਾ ਸਿੰਘ ਹਾਲ ਪਤਨੀ ਸੁਖਜਿੰਦਰ ਸਿੰਘ ਪਿੰਡ ਸੱਗਲ /110, ਤਹਿਸੀਲ ਦਸੂਹਾ, ਜ਼ਿਲਾ ਹੁਸ਼ਿਆਰਪੁਰ ਵਿੱਚ ਉਸ ਦਾ ਨਾਂਅ ਸਿਮਰਨਜੀਤ ਕੌਰ ਪੁੱਤਰੀ ਵਰਿੰਦਰ ਸਿੰਘ ਗਲਤ ਚੱਲਿਆ ਆ ਰਿਹਾ ਹੈ, ਜਦ ਕਿ ਉਸ ਦਾ ਅਸਲ ਨਾਂਅ ਸਮਰਜੀਤ ਕੌਰ ਪੁੱਤਰੀ ਵਰਿੰਦਰ ਸਿੰਘ ਪੁੱਤਰ ਦਸੌਂਧਾ ਸਿੰਘ ਹੈ। ਪ੍ਰਾਰਥੀ ਨੇ ਇਸ ਨਾਂਅ ਦੀ ਦਰੁਸਤੀ ਲਈ ਦਰਖਾਸਤ ਪੇਸ਼ ਕੀਤੀ ਹੈ, ਪ੍ਰਾਰਥੀ ਵੱਲੋਂ ਦਰਖਾਸਤ ਨਾਲ ਆਪਣੇ ਆਧਾਰ ਕਾਰਡ, ਵੋਟਰ ਕਾਰਡ, ਪੈਨ ਕਾਰਡ, ਸਕੂਲ ਸਰਟੀਫਕੇਟ ਦੀਆਂ ਕਾਪੀਆਂ ਸਬੂਤ ਵਜੋਂ ਪੇਸ਼ ਕੀਤੀਆਂ ਹਨ। ਪ੍ਰਾਰਥੀ ਦੀ ਦਰਖਾਸਤ ਅਤੇ ਦਸਤਾਵੇਜਾਂ ਦੇ ਆਧਾਰ 'ਤੇ ਮਾਲ ਰਿਕਾਰਡ ਪਿੰਡ ਸੱਗਲ/110 ਵਿਖੇ ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਨਾਂਅ ਦੀ ਸੋਧ ਕੀਤੀ ਜਾਣੀ ਹੈ। ਇਸ ਨਾਂਅ ਦੀ ਸੋਧ ਦੇ ਸੰਬੰਧ ਵਿੱਚ ਜੇਕਰ ਕਿਸੇ ਵੀ ਵਿਅਕਤੀ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਅਸਾਲਤਨ ਜਾਂ ਵਕਾਲਤਨ ਮੇਰੇ ਦਫਤਰ/ ਅਦਾਲਤ ਵਿੱਚ ਹਾਜ਼ਰ ਹੋ ਕੇ ਆਪਣਾ ਇਤਰਾਜ਼ ਨੋਟਿਸ ਛਪਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਪੇਸ਼ ਕਰ ਸਕਦਾ ਹੈ। ਗੁਜ਼ਰਨੇ ਮਿਆਦ ਕੋਈ ਇਤਰਾਜ਼ ਕਾਬਲੇ ਸਮਾਇਤ ਨਾ ਹੋਵੇਗਾ ਅਤੇ ਨਾਂਅ ਦੀ ਸੋਧ ਕਰ ਦਿੱਤੀ ਜਾਵੇਗੀ।

ਸਹੀ/-ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਦਸੂਹਾ।

COURT NOTICE

In the Court of
Sh. Akbar Khan
Judicial Magistrate-1st Class-2, Patiala
CNR No. PBPT03-005244-2020
Next Date : 26.09.2024
Avtar Singh
Vs.
M/s Resham Enterprises
Publication Issued To:
Resham Singh
Prop M/s Resham Enterprises, Ward No. 12, Near Gas Agency, near Garden Complex, Kharar, Distt. Mohali
In above titled case, the accused could not be served. It is ordered that accused should appear in person or through counsil on 26.09.2024 at 10:00 A.M.
For details logon to https://highcourtchd.gov.in/?trs=district_notice&district=Patiala
Judicial Magistrate-1st Class-2, Patiala
Dated this day of 10-09-2024

COURT NOTICE

(U/o 5 Rule 20 CPC)
In the Court of
Sh. Rajinder Singh Nagpal
Additional Civil Judge (Senior Division), Samana
CNR No. PBPTC0-000782-2024
Next Date :- 01-10-2024
Manpreet Singh
Vs.
General Public
Publication Issued To :
General Public
:- Samana
In above titled case, the defendant(s)/ respondent(s) could not be served. It is ordered that defendant(s)/ respondent (s) should appear in person or through counsel on 01.10.2024 at 10:00 A.M.
For details logon to https://highcourtchd.gov.in/?trs=district_notice&district=Patiala
Additional Civil Judge (Senior Division), Samana
Dated, this day of 09.09.2024

COURT NOTICE

In the Court of
Ms. Palvi Rana
Civil Judge Junior Division, Ajnala
CNR No. PBASA0-001258-2023
Case No. CS/972/2023
Next Date :- 25-10-2024
Punjab National Bank, Branch Chamiari, Tehsil Ajnala, Distt. Amritsar ....Plaintiff
Vs.
Tarsem Singh @ Tarssam Singh S/o Chanchal Singh through his Lrs. ....Defendants
Notice To Defendants
Tarsem Singh @ Tarssam Singh S/o Chanchal Singh through his Lrs. (b) Sukhpreet Singh (Son), (c) Lovepreet Kaur (Wife), Both Residents of Village Kamalpura, Tehsil Ajnala, Distt. Amritsar.
In above titled petition, the respondent(s) could not be served. It is ordered that respondent (s) should appear in person or through counsel on 25.10.2024 at 10:00 A.M.
For details logon to https://highcourtchd.gov.in/?trs=district_notice&district=Amritsar
Civil Judge Junior Division Ajnala

COURT NOTICE

(U/o 5 Rule 20 CPC)
In The Court of
Garima Gupta
Civil Judge, (Junior Division), Amritsar
CS/2564/2024
CNR No. PBAS02-003985-2024
Next Date : 06.11.2024
Sushma D/o Late Parkash Chand R/o H. No. 1834, Bhushan Pura inside Sultanwind Gate, Amritsar.
Vs.
General Public
Publication Issued To :
General Public
In above titled case, the defendant(s)/ respondent(s) could not be served. It is ordered that defendant(s)/ respondant(s) should appear in person or through counsel on 06.11.2024 at 10:00 A.M.
For details logon to https://highcourtchd.gov.in/?trs=district_notice&district=Amritsar
Civil Judge, (Junior Division) Amritsar
Dated, this day of 12-09-2024

ਕਲਾਸੀਫਾਈਡ ਇਸ਼ਤਿਹਾਰ

Change of Name

I, RetikaKalraW/o Kamal NayanKalra R/o 224-B, G.T Road, Surya Enclave, Jalandhar Punjab declare that I have changed my name from RetikaKalia To RetikaKalra after marriage. Please note.

I, Balwant Singh Sandhu S/O Sulakhan Singh R/O Bhakna Kalan, Amritsar Have Changed My Name Balwant Singh Sandhu To Balwant Singh. Please Concered Note.

I, Baljit Singh Doel S/O Darshan Singh R/O VPO Udho Nangal Tehsil Baba Bakala,Distt.Amritsar,Punjab have changed my name from Baljit Singh Doel to Baljit Singh.Concerned note.

I, Sukhwinder Singh Sandhu S/O Gulzar Singh R/O H.No. 219, Gali No.7, East Gobind Nagar, Sultanwind Road, Amritsar, Punjab have changed my name from Sukhwinder Singh Sandhu to Sukhwinder Singh. Concerned note.

I, Rupinder Kaur D/o Malkiat Singh W/o Tarsem Singh R/o VPO Cheema Bath, Tehsil Baba Bakala, Distt. Amritsar, Punjab-143112 have changed my name from Rupinder Kaur to Rupinder Kaur Kang.

I, Swinder Kaur W/o Jasmer Singh R/o VPO Jethuwal, Distt. Amritsar, Punjab-143502 have changed my name from Swinder Kaur to Sukhwinder Kaur.

I, Bakshish Singh S/o Gurcharan Singh R/o Kathunangal Road, VPO Majitha, Distt. Amritsar, Punjab-143601 have changed my name from Bakshish Singh to Bakhshish Singh.

I, Harjeet Kaur W/o Bakhshish Singh R/o Kathunangal Road, VPO Majitha, Distt. Amritsar, Punjab-143601 have changed my name from Harjeet Kaur to Harjit Kaur.

I, Harjeet Kaur, w/O No.6316218. Ex. Signal man, Harpal Singh r/o VPO Dhardeo,Tehsil Baba Bakala Sahib, District Amritsar have changed my name and D.O.B. from Harjit Kaur, date of birth 09.09.1958 to Harjeet Kaur D.O.B. 02-05-1959 . concerned to be noted.

I, Laddi Masih S/o Mishar Masih R/i Vill. Ittan Badhi P.O. Manak Rai, Distt. Jalandhar, (Pb.) India have Changed my daughter's name Riya to Riya Gill.

I, Laddi Masih S/o Mishar Masih R/i Vill. Ittan Badhi P.O. Manak Rai, Distt. Jalandhar, (Pb.) India have Changed my son 's name John to John Gill.

I hitherto known as DEEP ALIAS GURDEEP SINGH DUHRIAN WALA S/O GURBAX SINGH, Residing at VPO Duhre, Jalandhar, Punjab 144302, have changed my name and shall hereafter be known as GURDEEP SINGH.

I hitherto known as JASWANT SINGH WALIA S/O SARWAN SINGH, Residing at VPO Patara, Jalandhar, Punjab 144101, have changed my name and shall hereafter be known as JASWANT SINGH.

I Gurpreet Kaur Alias Palwinder Kaur W/O Gurwinder Singh R/O Vpo. Chak Chela Via Malsian Tehsil Shahkot Jalandhar Punjab India, Have Changed My Name From Gurpreet Kaur Alias Palwinder Kaur To Palwinder Kaur.

I hitherto known as NINDER SINGH S/O Chanan Singh R/o Shiv Colony, Makhu Ferozepur, Punjab-142044 have changed my name and shall hereafterbe known as NARINDER SINGH.

I, Gurpinder Kaur W/o Milap Singh R/o 18, Gokal Ka Bagh, East Mohan Nagar, 100 Feet Road, Amritsar have changed my name from Gurpinder Kaur to Gursharan Kaur

I, Lata Kapur W/O Ranbir Dev Kapoor R/O Kothi no. 19, White Avenue, Maqbool Road Amritsar Has Changed Name To Lata Kapoor.

I, Avtar Singh S/o Gulzar Singh R/o H.No.E/7-4308, Gali No.7, Bhalla Colony Chheharta, Amritsar have changed my name from Avtar Singh to Avtar Singh Gill

I, Jaspal Singh S/o Salwinder Singh R/o Village Lodho Gujjar Tehsil Lopoke Amritsar have declare that Singh is my Surname and Jaspal is my Given name

I, Ajay Kumar S/o Raj Kumar R/o Guru Amardas Colony Near Green City Naraingarh Chheharta, Amritsar have changed my minor son's name from Anjush to Anjus Kumar

I, Manmohan Singh Chhani S/o Harpal Singh R/o Ward No.10, Near Tejveer Master Talwandi Bhai, Ferozepur have changed my name from Manmohan Singh Chhani to Manmohan Singh

I, Jagjit Singh S/o Balwant Singh R/o H.No.266, Gali No.2, Tarn Taran Road, Guru Arjan Dev Nagar, Kot Mit Singh, Amritsar have changed my minor son Gurnawab Singh name Singh is my Surname and Gurnawab is my Given Name.

I, Parmdeep Singh S/o Gurbhej Singh R/o Village Kairon Patti, Tarn Taran have changed my name from Parmdeep Singh to Paramdeep Singh

I, Hira Singh S/o Bohar Singh R/o 535, Adarsh Nagar, Kot Khalsa, Islamabad, Amritsar have declare that Heera is my Given name and Singh is my Surname.

I, Vishal S/o Kewal Chand R/o Village Fatehpur, PO. Hariana, Tehsil and Distt. Hoshiarpur, Punjab, India have changed my name from Vishal to Vishal Sharma. All concerned please note.

I, Neelam Panwar D/O Harpal Singh Chauhan, W/O Satender Singh R/o H. No- 180/2, Basai Enclave, Basai (50), Gurgaon, Haryana-122006. have changed my name and shall hereafter be Known as Neelam Chauhan.

I, Satender Singh Panwar S/O Suresh Singh, R/o 180/2,Basai Enclave, Basai (50), Gurgaon, Haryana- 122006, have changed my name and shall hereafter be Known as Satender Singh.

I, Pardeep S/O Ranbir Singh, R/o Ward No-5, Meham Road, Shanti Marg, Vidya Nagar, Bhiwani, Haryana-127021, have changed my name and shall hereafter be Known as Pardeep Sangwan.

I, Kunal S/O Bharpur Singh, R/o 1496/34, Sheetal Nagar, Rohtak, Haryana- 124001, have changed my name and shall hereafter be Known as Kunal Dhankhar.

Change of Name

I, Vijay Kumar S/O Ram Karan Dass , R/o 231, Gate No-4, Shiv Nagar Colony, Bhiwani, Haryana-127021, have changed my name and shall hereafter be Known as Vijay Kumar Gupta.

I, Mandeep S/o Ghansham Rai R/o H.No. 5, Phagwari Mohalla, Garha, Jalandhar, Punjab, India have changed my name from Mandeep to Mandeep Kumar. That Kumar is my Surname. All concerned please note.

I, Dharampreet S/o Kewal R/o Village Hassan Munda, Kartarpur (Rural), Jalandhar, Punjab, India have changed my name from Dharampreet to Dharampreet Sroay. All concerned please note.

I, Parminder Singh Ubhi S/o Karamjit Singh R/o 399/3, Hargobind Nagar, Jalandhar-144012, Punjab. DOB 12-Jan-1975 have changed my name to Parminder Singh for all future purposes. All concerned please note.

I, Monika Sharma W/o Sanjay Sharma R/o H.No. B-9/134 Moh. Bhallian, Haraina Tehsil & Distt. Hoshiarpur declare that I Monika Rani alias Monika Sharma is one and same person. Concerned note.

I, Sanjeev Kumar S/o Dharam Pal R/o Village Takhani Mehngrawal PO Mehngrawal Distt. Hoshiarpur Punjab have changed my name from Sanjeev Kumar to Kumar Sanjeev. Concerned note.

I, Shanjit Singh Gulati S/o Jaspal Singh, R/o H.No. 61/8, Garden Colony, Near Guru Teg Bahadur Nagar, Jalandhar, Punjab, India have changed my name from Shanjit Singh Gulati to Shanjeet Singh Gulati. All concerned please note.

I, Deepak s/o Pappu Lal r/o E.P-242/1, Khodian Mohalla, Jalandhar-144001, Punjab have changed my name from Deepak to Deepak Nirwan. All concerned please note.

I, Tony w/o Hardeep Singh Bhamra r/o H.No. 122, St No. 3, Guru Nanak Pura, Phagwara, Kapurthala have changed my name to Tony Bhamra, After Marriage. All concerned please note.

I, Pardeep Singh Aulakh s/o Bhagat Singh r/o Vill. Tandi Aulakh, Po. Jaid, Distt. Kapurthala have changed my name from Pardeep Singh Aulakh to Pardeep Singh. All concerned please note.

I, Nitika Gautam w/o Rishabh Joshi r/o H.No. 20, Mall Road, Jalandhar Cantt, Jalandhar have changed my name from Nitika Gautam to Nitika Joshi, after marriage. All concerned please note.

I, Gulzara s/o Sunder Singh r/o VPO. Lakhpur Tehsil Phagwara, Distt. Kapurthala have changed my name from Gulzara to Gulzara Singh. All concerned please note.

I, Jaspal Singh S/o Avtar Singh R/o Denowal Kalan, Tehsil Garhshankar, District Hoshiarpur-144527 have changed my name to Given name as Jaspal and Surname as Singh. All concerned please note.

I, Meenakshi W/o Supinder Dutt R/o Vill. Murar, Po. Hamira, Distt. Kapurthala have changed my name from Meenakshi to Minakshi. All concerned please note.

I, Suneeta Rani W/o Kuldeep Rai R/o Vill. Khusropur, Po. Kukar Pind, Distt. Jalandhar, Punjab have changed the spelling of my name from Suneeta Rani to Sunita Rani. All concerned please note.

I, Pardeep Kumar S/o Sita Ram Mehto R/o S2/01368, Sodal Road, Mathura Nagar, Jalandhar have added my surname from Pardeep Kumar to Pardeep Kumar Mehto. (Surname as Mehto) All concerned please note.

I hitherto known as Harinder Sahi W/o Saranjit Singh Sahi R/o H.No. 16 Lane No. 4 , Friends Colony, Wadala Road, Jalandhar-144003, Punjab, have changed my name and shall hereafter be known as Harinder Kaur Sahi.

I, Jatinder Singh S/o Piara Singh R/o Sarupwali (Gurdaspur) Pb-143505 declare that Jatinder is my given name and Singh is my surname.

I, Svita Sawhney W/o Surinder Trehan R/o 108/200 Shastri Nagar Batala (Gurdaspur) have changed my name after marriage as Savita Trehan.

I, Sarup Lal S/O Mast Ram R/O Ward No 10, Garhshankar, Tehsil Garhshankar, Distt. Hoshiarpur, Punjab, India, have changed my name from Sarup Lal to Saroop Lal.

I, Bablu Singh S/o Budhu Ram, R/o Village Sardulapur, Post Office Kabirpur, District Kapurthala, Punjab declare that I have to change my name from BABLU to BABLU SINGH. All Concerned noted.

I, Varinder Kumar S/o Roop Lal, R/o Ward No. 1, ITI, Tehsil/Distt. Gurdaspur, Punjab, India have changed my name from Varinder Kumar to Varinder Sharma.

ਨਾਂਅ ਦੀ ਬਦਲੀ

ਮੈਂ, ਪ੍ਰਵੀਨ ਕੁਮਾਰੀ ਪਤਨੀ ਮਹਿੰਦਰ ਕੁਮਾਰ ਵਾਸੀ ਮਕਾਨ ਨੰਬਰ 928/18, ਰਾਮੇਸ਼ਵਰ ਕਾਲੋਨੀ, ਜਲੰਧਰ, ਪੰਜਾਬ ਸੂਚਿਤ ਕਰਦੀ ਹਾਂ ਕਿ ਮੈਂ ਆਪਣੀ ਲੜਕੀ ਦਾ ਨਾਮ ਸ਼ਿਵਾਨੀ ਤੋਂ ਬਦਲ ਕੇ ਸ਼ਿਵਾਨੀ ਕੌਰ ਰੱਖ ਲਿਆ ਹੈ। ਸਬੰਧਿਤ ਨੋਟ ਕਰਨ।

ਮੈਂ, ਅਮਨਦੀਪ ਪੁੱਤਰ ਇੰਦਰਜੀਤ, ਵਾਸੀ ਮੁਹੱਲਾ

14-SEP-PAGE-7.qxd 9/13/2024 9:38 PM Page 1

ਦੇਸ਼ ਦੇ ਕਿਰਤੀ ਆਰ ਐੱਸ ਐੱਸ-ਭਾਜਪਾ ਦੀ ਫਿਰਕੂ ਵੱਢ-ਟੁੱਕ ਦੀ ਸਾਜ਼ਿਸ਼ ਫੇਲ੍ਹ ਕਰਨਗੇ : ਪਾਸਲਾ

ਬਠਿੰਡਾ (ਪੱਤਰ ਪ੍ਰੇਰਕ) ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐੱਮ.ਪੀ.ਆਈ.) ਤੇ ਸੀ ਪੀ ਆਈ (ਐੱਮ ਐੱਲ) ਲਿਬ੍ਰੇਸ਼ਨ ਵੱਲੋਂ ਸੰਘ ਪਰਿਵਾਰ ਦੀਆਂ ਵੰਡਵਾਦੀ ਕੁਚਾਲਾਂ ਤੇ ਲੋਕਾਈ ਦਾ ਕਚੂੰਮਰ ਕੱਢਣ ਵਾਲੀਆਂ ਮੋਦੀ-ਮਾਨ ਸਰਕਾਰਾਂ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਖਿਲਾਫ਼ ਇੱਥੋਂ ਦੇ ਅੰਬੇਡਕਰ ਪਾਰਕ ਵਿਖੇ ਕੀਤੇ ਗਏ ਵਿਸ਼ਾਲ ਰੋਸ ਪ੍ਰਦਰਸ਼ਨ ਵਿੱਚ ਭਾਰੀ ਗਿਣਤੀ ਔਰਤਾਂ ਸਮੇਤ ਹਜ਼ਾਰਾਂ ਕਿਰਤੀ-ਕਿਸਾਨ ਸ਼ਾਮਲ ਹੋਏ।

ਇਸ ਮੌਕੇ ਉਚੇਚੇ ਪੁੱਜੇ ਆਰ.ਐੱਮ.ਪੀ.ਆਈ. ਦੇ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਨੇ ਆਰ ਐੱਸ ਐੱਸ ਦੀ ਧਰਮ ਅਧਾਰਤ ਕੱਟੜ ਹਿੰਦੂਤਵੀ ਰਾਜ ਕਾਇਮ ਕਰਨ ਦੀ ਵੰਡਵਾਦੀ ਸਾਜ਼ਿਸ਼ ਨੂੰ ਤਿੱਖੇ ਵਿਚਾਰਧਾਰਕ ਤੇ ਸਿਆਸੀ ਜਨ ਸੰਗਰਾਮ ਰਾਹੀਂ ਫੇਲ੍ਹ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਜੇ ਸੰਘ ਪਰਿਵਾਰ ਦੇ ਕੋਝੇ ਮਨਸੂਬੇ ਸਿਰੇ ਚੜ੍ਹ ਗਏ ਤਾਂ ਭਾਰਤ ਦਾ ਸੰਵਿਧਾਨ ਤੇ ਜਮਹੂਰੀ, ਧਰਮ ਨਿਰਪੱਖ ਤੇ ਫੈਡਰਲ ਢਾਂਚਾ, ਲਹੂ ਵੀਟਵੀਆਂ ਕੁਰਬਾਨੀਆਂ ਸਦਕਾ ਹਾਸਲ ਕੀਤੀ ਆਜ਼ਾਦੀ ਤੇ ਦੇਸ਼ ਦੀ ਏਕਤਾ-ਅਖੰਡਤਾ ਲਈ ਗਭੀਰ ਖਤਰੇ ਖੜ੍ਹੇ ਹੋ ਜਾਣਗੇ। ਪਾਰਟੀ ਦੀ ਕੇਂਦਰੀ ਕਮੇਟੀ ਦੇ ਮੈਂਬਰ ਸਾਥੀ ਮਹੀਪਾਲ ਨੇ ਭਾਰਤੀ ਲੋਕਾਈ ਦੀਆਂ ਬੇਰੁਜ਼ਗਾਰੀ-ਮਹਿੰਗਾਈ, ਸਿੱਖਿਆ-ਸਿਹਤ ਸਹੂਲਤਾਂ, ਘਰਾਂ ਤੇ ਸਮਾਜਿਕ ਸੁਰੱਖਿਆ ਦੀ ਅਣਹੋਂਦ ਆਦਿ ਮੁਸੀਬਤਾਂ 'ਚ ਅੰਤਾਂ ਦਾ ਵਾਧਾ ਕਰਕੇ ਅਡਾਨੀ-ਅੰਬਾਨੀ ਜਿਹੇ ਜੁੰਡੀ ਪੂੰਜੀਪਤੀਆਂ ਦੇ ਖਜ਼ਾਨੇ ਨੱਕੋ-ਨੱਕ ਭਰਨ ਵਾਲੀਆਂ ਨਵ-ਉਦਾਰਵਾਦੀ ਨੀਤੀਆਂ ਦਾ ਫਸਤਾ ਵੱਢਣ ਦੇ ਸੰਗਰਾਮ ਪ੍ਰਚੰਡ ਕਰਨ ਦੀ ਅਪੀਲ ਕੀਤੀ।

ਸੀਪੀਆਈ (ਐੱਮ ਐੱਲ) ਲਿਬ੍ਰੇਸ਼ਨ ਦੇ ਸੂਬਾਈ ਆਗੂ ਸਾਥੀ ਗੁਰਤੇਜ ਸਿੰਘ ਮਹਿਰਾਜ ਨੇ ਵੀ ਵਿਚਾਰ ਰੱਖੇ। ਸਾਥੀ ਪ੍ਰਕਾਸ਼ ਸਿੰਘ ਨੰਦਗੜ੍ਹ ਨੇ ਮੰਚ ਦੀ ਕਾਰਵਾਈ ਚਲਾਈ। ਸਾਥੀ ਰਜਿੰਦਰ ਸਿੰਘ ਸਿਵੀਆਂ ਨੇ ਸਾਰਿਆਂ ਦਾ ਧੰਨਵਾਦ ਕੀਤਾ। ਮੰਚ 'ਤੇ ਸਾਥੀ ਸੰਪੂਰਨ ਸਿੰਘ, ਹਰਜੀਤ ਸਿੰਘ ਬਰਾੜ, ਮਲਕੀਤ ਸਿੰਘ ਮਹਿਮਾ ਸਰਜਾ ਤੇ ਗੁਰਮੀਤ ਸਿੰਘ ਜੈ ਸਿੰਘ ਵਾਲਾ ਵੀ ਬਿਰਾਜ਼ਮਾਨ ਸਨ।

ਸੰਸਦ ਮੈਂਬਰ ਸ਼੍ਰੀਮਤੀ ਹਰਸਿਮਰਤ ਕੌਰ ਬਾਦਲ ਦੇ ਪ੍ਰਤੀਨਿਧੀ ਸ੍ਰੀ ਇਕਬਾਲ ਸਿੰਘ ਢਿੱਲੋਂ ਬਬਲੀ ਰਾਹੀਂ ਕੇਂਦਰੀ ਸਰਕਾਰ ਨੂੰ ਮੰਗ ਪੱਤਰ ਭੇਜਿਆ ਗਿਆ। ਉਪਰੰਤ ਬੱਸ ਅੱਡੇ ਤੱਕ ਰੋਸ ਮੁਜ਼ਾਹਰਾ ਵੀ ਕੀਤਾ ਗਿਆ। ਦੱਸਣਯੋਗ ਹੈ ਕਿ ਦੋਨੋਂ ਪਾਰਟੀਆਂ ਵੱਲੋਂ ਉਕਤ ਕਿਸਮ ਦੇ ਰੋਸ ਮੁਜ਼ਾਹਰੇ 9 ਤੋਂ 17 ਸਤੰਬਰ ਤੱਕ ਸਾਰੇ ਪੰਜਾਬ ਅੰਦਰ ਕੀਤੇ ਜਾ ਰਹੇ ਹਨ।

ਨਾਬਾਲਗ ਨੂੰ ਵਿਆਹ ਦਾ ਝਾਂਸਾ ਦੇ ਕੇ ਲਿਜਾਣ ਦੇ ਮਾਮਲੇ 'ਚ ਨਾਮਜ਼ਦ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਇੱਕ ਨਾਬਾਲਗ ਲੜਕੀ ਨੂੰ ਵਰਗਲਾ ਕੇ ਲੈ ਜਾਣ ਅਤੇ ਇੱਕ ਲੜਕੀ ਨੂੰ ਛੁਪਾ ਕੇ ਰੱਖਣ ਦੇ ਦੋ ਵੱਖ-ਵੱਖ ਮਾਮਲਿਆਂ 'ਚ ਪੁਲਸ ਵੱਲੋਂ ਦੋ ਵਿਅਕਤੀਆਂ ਵਿਰੁੱਧ ਕੇਸ ਦਰਜ ਕੀਤੇ ਜਾਣ ਦਾ ਸਮਾਚਾਰ ਹੈ।ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਇੱਕ ਵਿਅਕਤੀ ਨੇ ਦੱਸਿਆ ਕਿ 9 ਸਤੰਬਰ ਦੀ ਸਵੇਰ ਉਸਦੀ ਘਰਵਾਲੀ ਤੇ ਦੂਜੇ ਬੱਚੇ ਉਸਦੀ ਲੜਕੀ ਜਿਸ ਦੀ ਉਮਰ ਕਰੀਬ 14 ਸਾਲ ਹੈ, ਨੂੰ ਘਰ ਵਿੱਚ ਇਕੱਲੀ ਛੱਡ ਕੇ ਮਿਹਨਤ ਮਜ਼ਦੂਰ ਕਰਨ ਲਈ ਘਰੋਂ ਗਏ ਸਨ ਤੇ ਉਹ ਜਦੋਂ ਘਰ ਪਰਤੇ ਤਾਂ ਦੇਖਿਆ ਕਿ ਉਸਦੀ ਲੜਕੀ ਘਰ ਵਿੱਚ ਨਹੀਂ ਸੀ, ਜੋ ਭਾਲਣ 'ਤੇ ਕਿਤੇ ਨਹੀਂ ਮਿਲੀ।ਸ਼ਿਕਾਇਤਕਰਤਾ ਨੇ ਦੋਸ਼ ਲਾਏ ਕਿ ਉਸਦੀ ਨਾਬਾਲਗ ਲੜਕੀ ਨੂੰ ਰੋਹਿਤ ਕੁਮਾਰ ਵਾਸੀ ਜ਼ਿਲ੍ਹਾ ਮੁਰਦਾਬਾਦ (ਉੱਤਰ ਪ੍ਰਦੇਸ਼) ਵਿਆਹ ਦਾ ਝਾਂਸਾ ਦੇ ਕਿਤੇ ਲੈ ਗਿਆ ਹੈ।ਥਾਣਾ ਫ਼ਤਹਿਗੜ੍ਹ ਸਾਹਿਬ ਦੀ ਪੁਲਿਸ ਨੇ ਰੋਹਿਤ ਕੁਮਾਰ ਵਿਰੁੱਧ ਅ/ਧ 137(2),87 ਬੀ.ਐਨ.ਐਸ. ਤਹਿਤ ਮੁਕੱਦਮਾ ਦਰਜ ਕਰਕੇ ਮਾਮਲੇ ਦੀ ਤਫਤੀਸ਼ ਸ਼ੁਰੂ ਕਰ ਦਿੱਤੀ ਹੈ।ਇੱਕ ਵੱਖਰੇ ਮਾਮਲੇ 'ਚ ਇੱਕ ਵਿਅਕਤੀ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਕਿ ਉਸਦੀ ਲੜਕੀ ਜੋ ਬਾਰਾਂ ਜਮਾਤਾਂ ਪਾਸ ਕਰਕੇ ਘਰ ਵਿੱਚ ਹੀ ਰਹਿੰਦੀ ਸੀ, ਬੀਤੀ 4 ਅਗਸਤ ਨੂੰ ਬਿਨਾਂ ਕਿਸੇ ਨੂੰ ਕੁਝ ਦੱਸੇ ਘਰੋਂ ਚਲੇ ਗਈ ਸੀ, ਜਿਸ ਦੀ ਭਾਲ ਕਰਨ 'ਤੇ ਉਸਦਾ ਕੁਝ ਪਤਾ ਨਹੀਂ ਲੱਗਾ, ਪਰ ਹੁਣ ਉਨਾਂ ਨੂੰ ਪਤਾ ਲੱਗਾ ਹੈ ਕਿ ਸੰਜੂ ਵਾਸੀ ਅਮਲੋਹ ਨੇ ਉਸਦੀ ਲੜਕੀ ਨੂੰ ਕਿਤੇ ਲੁਕਾ ਛੁਪਾ ਕੇ ਰੱਖਿਆ ਹੋਇਆ ਹੈ।ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਸੰਜੂ ਵਾਸੀ ਅਮਲੋਹ ਵਿਰੁੱਧ 127(6) ਬੀ.ਐਨ.ਐਸ. ਤਹਿਤ ਮੁਕੱਦਮਾ ਦਰਜ ਕਰਕੇ ਥਾਣਾ ਅਮਲੋਹ ਦੀ ਪੁਲਸ ਨੇ ਮਾਮਲੇ ਦੀ ਤਫ਼ਤੀਸ਼ ਸ਼ੁਰੂ ਕਰ ਦਿੱਤੀ ਹੈ।

ਸੈਮ ਸਿੱਧੂ (ਯੂ.ਐਸ.ਏ.) ਨੇ ਸ. ਪ੍ਰਾ. ਸਕੂਲ ਦੇ ਰੰਗ ਰੋਗਨ ਲਈ ਭੇਜੀ 50 ਹਜ਼ਾਰ ਦੀ ਸਹਾਇਤਾ

ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)-ਅਮਰੀਕਾ ਰਹਿੰਦੇ ਸੁਰਿੰਦਰ ਸਿੰਘ ਸਿੱਧੂ (ਸੈਮ ਸਿੱਧੂ) ਸਪੁੱਤਰ ਸਵ: ਸੂਬੇਦਾਰ ਕਰਨੈਲ ਸਿੰਘ ਕੈਨੇਡੀਅਨ (ਲਹਿਰਾ ਮੁਹੱਬਤ) ਵੱਲੋਂ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ (ਲਾਲ ਸਿੰਘ ਬਸਤੀ) ਦੀ ਚਾਰਦੀਵਾਰੀ ਦੇ ਰੰਗ ਰੋਗਨ ਲਈ ਭੇਜੀ ਗਈ 50 ਹਜ਼ਾਰ ਰੁਪਏ ਦੀ ਰਾਸ਼ੀ ਦਾ ਚੈੱਕ ਸੈਮ ਸਿੱਧੂ ਦੇ ਚਾਚਾ ਰਿਟਾ. ਮੁੱਖ ਅਧਿਆਪਕ ਜਗਜੀਤ ਸਿੰਘ ਸਿੱਧੂ ਵੱਲੋਂ ਸਕੂਲ ਦੇ ਮੁੱਖ ਅਧਿਆਪਕ ਕਿਰਪਾਲ ਸਿੰਘ ਨੂੰ ਸੌਂਪਿਆ ਗਿਆ। ਇਸ ਤੋਂ ਪਹਿਲਾਂ ਸੈਮ ਸਿੱਧੂ ਨੇ ਆਪਣੇ ਸਵਰਗੀ ਦਾਦਾ ਥਾਣੇਦਾਰ ਰਘਵੀਰ ਸਿੰਘ ਸਿੱਧੂ ਪੁੱਤਰ ਮਿੱਤ ਸਿੰਘ ਸਿੱਧੂ 'ਦਾਊ ਕਾ' ਦੀ ਯਾਦ ਵਿੱਚ ਇਸੇ ਸਕੂਲ ਵਿੱਚ ਬਹੁਤ ਹੀ ਸੁੰਦਰ ਦਫ਼ਤਰ ਬਣਵਾਇਆ ਹੈ। ਹੁਣ ਸਕੂਲ ਦੇ ਰੰਗ ਰੋਗਨ ਸਹਾਇਤਾ ਰਾਸ਼ੀ ਉਨ੍ਹਾਂ ਨੇ ਆਪਣੇ ਚਾਚਾ ਜਗਜੀਤ ਸਿੰਘ (ਰਿਟਾ. ਮੁੱਖ ਅਧਿਆਪਕ) ਰਾਹੀਂ ਭੇਜੀ ਸੀ।

ਸਕੂਲ ਸਟਾਫ ਨੇ ਦਾਨੀ ਪਰਵਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਅੱਗੇ ਤੋਂ ਵੀ ਇਸ ਪਰਿਵਾਰ ਨੇ ਸਕੂਲ ਲਈ ਹਰ ਸੰਭਵ ਸਹਾਇਤਾ ਦਾ ਵਾਅਦਾ ਕੀਤਾ ਹੈ। ਇਸ ਮੌਕੇ ਸਟਾਫ਼ ਮੈਂਬਰਜ਼ ਹਰਵਿੰਦਰ ਸਿੰਘ ਬਾਠ, ਸੁਖਜੀਤ ਸਿੰਘ ਪੂਹਲੀ, ਗੁਰਪ੍ਰੀਤ ਕੌਰ ਈ.ਟੀ.ਟੀ. ਟੀਚਰ, ਮਨਜੀਤ ਕੌਰ, ਵੀਰਪਾਲ ਕੌਰ ਤੇ ਗੁਰਪ੍ਰੀਤ ਕੌਰ ਐਸੋਸੀਏਟ ਟੀਚਰਜ਼, ਕੁਲਦੀਪ ਕੌਰ ਅਤੇ ਸਿਖਿਆਰਥੀ ਅਧਿਆਪਕਾ ਬਲਜਿੰਦਰ ਕੌਰ ਆਦਿ ਹਾਜ਼ਰ ਸਨ।

ਕਾਮਰੇਡ ਸੀਤਾ ਰਾਮ ਯੇਚੂਰੀ ਦੇ ਦਿਹਾਂਤ 'ਤੇ ਦੁੱਖ ਦਾ ਪ੍ਰਗਟਾਵਾ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ, ਪਰਮਜੀਤ ਸਿੰਘ, ਚਾਵਲਾ)-ਸੀ ਪੀ ਆਈ (ਐੱਮ) ਦੇ ਜਨਰਲ ਸਕੱਤਰ ਕਾਮਰੇਡ ਸੀਤਾ ਰਾਮ ਯੇਚੂਰੀ ਦੇ ਬੇ-ਵਕਤ ਦਿਹਾਂਤ 'ਤੇ ਜ਼ਿਲ੍ਹਾ ਮੁਕਤਸਰ ਤੇ ਫਰੀਦਕੋਟ ਦੇ ਸਾਥੀਆਂ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਕਾਮਰੇਡ ਸੀਤਾ ਰਾਮ ਯੇਚੂਰੀ ਦਾ ਦਿਹਾਂਤ ਉਸ ਸਮੇਂ ਹੋਇਆ, ਜਦੋਂ ਦੇਸ਼ ਤੇ ਦੇਸ਼ਵਾਸੀ ਗੰਭੀਰ ਸੰਕਟਾਂ ਦਾ ਸਾਹਮਣਾ ਕਰ ਰਹੇ ਹਨ, ਅਜਿਹੇ ਸਮੇਂ ਉਨ੍ਹਾਂ ਵਰਗੇ ਦੂਰ ਅੰਦੇਸ਼ੀ ਆਗੂ ਦੀ ਅਗਵਾਈ ਦੀ ਸਖ਼ਤ ਲੋੜ ਸੀ।ਇਸ ਮੌਕੇ ਜ਼ਿਲ੍ਹਾ ਸਕੱਤਰ ਕਾਮਰੇਡ ਅਪਾਰ ਸੰਧੂ, ਅਸ਼ਵਨੀ ਕੁਮਾਰ, ਸ਼ਿਕੰਦਰ ਸਿੰਘ ਅੱਲੇਖ, ਗਾਂਧੀ ਸਿੰਘ, ਠਾਕੁਰ ਸਿੰਘ, ਤਰਸੇਮ ਲਾਲ, ਧਰਮਪਾਲ ਝਬੇਲਵਾਲੀ, ਲਛਮਣ ਸਿੰਘ ਲੰਡੇਰੋਡੇ, ਖਰੈਤੀ ਲਾਲ, ਸੁਰਜੀਤ ਸਿੰਘ, ਹਰਵਿੰਦਰ ਪਾਲ, ਰਾਜ ਕੁਮਾਰ, ਗੁਰਦਾਸ ਸਿੰਘ, ਕੁਲਵੰਤ ਸਿੰਘ, ਮੇਜਰ ਸਿੰਘ ਸੀਰਵਾਲੀ, ਭਾਰਤ ਸਿੰਘ, ਨੱਥੂ ਰਾਮ, ਸੁਰਜੀਤ ਘੱਗਾ, ਕਮਲਦਾਸ, ਰੁਕਮਦਾਸ, ਮੇਜਰ ਸਿੰਘ ਚੱਕਬੀੜ ਸਰਕਾਰ, ਅੰਮ੍ਰਿਤਪਾਲ ਕੌਰ ਚਹਿਲ, ਗਿਆਨ ਚੰਦ ਸਾਹਨੀ ਆਦਿ ਆਗੂਆਂ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਦੁਖੀ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ।

ਕਾਤਰਾਂ

ਗੁੱਗਾ ਨੌਮੀ ਦਾ ਮੇਲਾ ਕਰਵਾਇਆ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਮਾਛੀਵਾੜਾ-ਰਤੀਪੁਰ ਰੋਡ 'ਤੇ ਸਥਿਤ ਗੁੱਗਾ ਮੈੜੀ ਵਿਖੇ ਗੁੱਗਾ ਨੌਮੀ ਦਾ ਸਾਲਾਨਾ ਮੇਲਾ ਬੜੀ ਸ਼ਰਧਾ ਭਾਵਨਾ ਨਾਲ ਕਰਵਾਇਆ ਗਿਆ, ਜਿਸ ਵਿੱਚ ਇਲਾਕੇ ਦੀਆਂ ਸੰਗਤਾਂ ਵੱਲੋਂ ਵੱਡੀ ਗਿਣਤੀ 'ਚ ਪਹੁੰਚ ਕੇ ਗੁੱਗਾ ਜ਼ਾਹਰ ਵੀਰ ਦੀ ਮੈੜੀ 'ਤੇ ਸੇਵੀਆਂ ਦਾ ਪ੍ਰਸਾਦਿ ਚੜ੍ਹਾਇਆ ਗਿਆ। ਇਸ ਮੌਕੇ ਮੁੱਖ ਸਰਪ੍ਰਸਤ ਮੰਗਤ ਰਾਏ, ਸੇਵਾਦਾਰ ਜਗਰੂਪ ਸਿੰਘ ਰੂਪਾ, ਪ੍ਰਧਾਨ ਪਵਨ ਕੁਮਾਰ, ਦੇਵਕੀ ਨੰਦਨ ਮੱਟੂ, ਸਤਪਾਲ ਪਾਮੇ, ਰਾਜ ਕੁਮਾਰ ਬਾਲੀ, ਬਿੰਦਰ ਹੰਸ, ਧੀਰਾ ਭੱਟੀ, ਗਗਨਦੀਪ, ਜਗਜੀਤ ਸਿੰਘ, ਬਿੰਦਰ ਕੁਮਾਰ ਮੌਜੂਦ ਸਨ। ਆਈਆਂ ਸੰਗਤਾਂ ਲਈ ਸੇਵੀਆਂ ਦਾ ਅਤੁੱਟ ਲੰਗਰ ਵਰਤਾਇਆ ਗਿਆ।

ਯੇਚੂਰੀ ਦੀ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ

ਸਮਰਾਲਾ (ਸੁਰਜੀਤ ਸਿੰਘ)-ਸੀਟੂ ਪੰਜਾਬ ਦੇ ਸੂਬਾਈ ਪ੍ਰਧਾਨ ਮਹਾਂਸਿੰਘ ਰੌੜੀ, ਆਲ ਇੰਡੀਆ ਸੀਟੂ ਦੀ ਸਕੱਤਰ ਕਾਮਰੇਡ ਉਸ਼ਾ ਰਾਣੀ, ਸੂਬਾਈ ਜਨਰਲ ਸਕੱਤਰ ਚੰਦਰ ਸ਼ੇਖਰ ਤੇ ਸੂਬਾਈ ਖਜ਼ਾਨਚੀ ਸੁੱਚਾ ਸਿੰਘ ਅਜਨਾਲਾ ਨੇ ਸੀ ਪੀ ਆਈ (ਐੱਮ) ਦੇ ਆਲ ਇੰਡੀਆ ਜਨਰਲ ਸਕੱਤਰ ਸਾਥੀ ਸੀਤਾਰਾਮ ਯੇਚੂਰੀ ਦੀ ਦੁੱਖਦਾਈ ਮੌਤ 'ਤੇ ਸੂਬਾਈ ਸੀਟੂ ਵੱਲੋਂ ਗਹਿਰੇ ਦੁੱਖ ਦਾ ਇਜ਼ਹਾਰ ਕੀਤਾ ਹੈ।ਸਾਥੀ ਸੀਤਾਰਾਮ ਪਿਛਲੇ ਕੁੱਝ ਦਿਨਾਂ ਤੋਂ ਦਿੱਲੀ ਦੇ ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਸ਼ ਹਸਪਾਤਲ ਵਿੱਚ ਜ਼ੇਰੇ ਇਲਾਜ ਸਨ।ਸੂਬਾਈ ਸੀਟੂ ਆਗੂਆਂ ਨੇ ਕਿਹਾ ਕਿ ਸਾਥੀ ਸੀਤਾਰਾਮ ਯੇਚੂਰੀ ਦੀ ਮੌਤ ਨਾਲ ਸੀ ਪੀ ਆਈ (ਐੱਮ) ਨੂੰ ਕਦੇ ਨਾ ਵੀ ਪੂਰਾ ਹੋਣ ਵਾਲਾ ਘਾਟਾ ਪਿਆ ਹੈ।ਸਾਥੀ ਯੇਚੂਰੀ ਜੀ ਵਿਦਿਆਰਥੀ ਜੀਵਨ ਤੋਂ ਹੀ ਸੀ ਪੀ ਆਈ (ਐੱਮ) ਨਾਲ ਸਿਧਾਂਤਕ ਤੇ ਜਥੇਬੰਦਕ ਰੂਪ ਵਿੱਚ ਜੁੜ ਚੁੱਕੇ ਸਨ।ਉਨ੍ਹਾ ਐੱਸ ਐੱਫ ਆਈ ਤੋਂ ਸ਼ੁਰੂ ਕਰਕੇ ਪਾਰਟੀ ਦੇ ਆਲ ਇੰਡੀਆ ਜਨਰਲ ਸਕੱਤਰ ਤੱਕ ਦੀਆਂ ਜ਼ਿੰਮੇਵਾਰੀਆਂ ਨਿਭਾਈਆਂ।ਸਟੇਟ ਸੀਟੂ ਉਨ੍ਹਾਂ ਨੂੰ ਇਨਕਲਾਬੀ ਸਤਿਕਾਰ ਨਾਲ ਲਾਲ ਸਲਾਮ ਕਰਦੀ ਹੈ ਤੇ ਉਨ੍ਹਾਂ ਦੇ ਪਰਿਵਾਰ ਨੂੰ ਅਪਣੀਆਂ ਸੰਵੇਦਨਾਵਾਂ ਭੇਜਦੀ ਹੈ।

ਛਿੰਦਰਪਾਲ ਵਰਮਾ ਨਮਿਤ ਅੰਤਮ ਅਰਦਾਸ ਭਲਕੇ

ਜਲਾਲਾਬਾਦ (ਜੀਤ ਕੁਮਾਰ)-ਨਗਰ ਕੌਂਸਲ ਜਲਾਲਾਬਾਦ ਦੇ ਸਾਬਕਾ ਪ੍ਰਧਾਨ ਛਿੰਦਰਪਾਲ ਵਰਮਾ (ਪੁੱਤਰ ਮੁਲਖ ਰਾਜ) ਬੀਤੀ 12 ਸਤੰਬਰ ਨੂੰ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਕੇ ਪ੍ਰਭੂ ਚਰਨਾ ਵਿੱਚ ਜਾ ਬਿਰਾਜੇ ਹਨ। ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਅੰਤਿਮ ਅਰਦਾਸ 15 ਸਤੰਬਰ ਦਿਨ ਐਤਵਾਰ ਨੂੰ ਦੁਪਹਿਰ 12 ਵਜੇ ਤੋਂ 1 ਵਜੇ ਤੱਕ ਸਥਾਨਕ ਗੁਰਦੁਆਰਾ ਸਿੰਘ ਸਭਾ ਸਾਹਿਬ ਵਿਖੇ ਹੋਵੇਗੀ।

432 ਗ੍ਰਾਮ ਹੈਰੋਇਨ ਤੇ 3 ਲੱਖ ਰੁਪਏ ਡਰੱਗ ਮਨੀ ਸਣੇ 4 ਕਾਬੂ

ਜਲਾਲਾਬਾਦ (ਜੀਤ ਕੁਮਾਰ)-ਥਾਣਾ ਸਦਰ ਜਲਾਲਾਬਾਦ ਦੀ ਪੁਲਸ ਵੱਲੋਂ 432 ਗ੍ਰਾਮ ਹੈਰੋਇਨ ਤੇ 3 ਲੱਖ ਰੁਪਏ ਡਰੱਗ ਮਨੀ ਸਮੇਤ 3 ਜਣਿਆਂ ਨੂੰ ਕਾਬੂ ਕੀਤਾ ਗਿਆ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਅਮਰੀਕ ਸਿੰਘ ਨੇ ਦੱਸਿਆ ਕਿ ਸਹਾਇਕ ਥਾਣੇਦਾਰ ਜਗਜੀਤ ਸਿੰਘ ਥਾਣਾ ਸਦਰ ਜਲਾਲਾਬਾਦ ਦੇ ਸੂਚਨਾ ਮਿਲੀ ਸੀ ਕਿ ਨਸ਼ੀਲੀ ਵਸਤੂ ਬਰਾਮਦ ਹੋਣ ਕਰਕੇ ਪੁਲਸ ਪਾਰਟੀ, ਜੋਕਿ ਪਿੰਡ ਧਰਮੂਵਾਲਾ ਉਰਫ ਮੋਹਰ ਸਿੰਘ ਵਾਲਾ ਵਿਖੇ ਬੀਤੀ ਰਾਤ ਕਰੀਬ 10.30 ਵਜੇ ਪਹੁੰਚੀ ਤੇ ਮੌਕੇ 'ਤੇ ਪੁਲਸ ਪਾਰਟੀ ਵੱਲੋਂ ਹਿਰਾਸਤ ਵਿੱਚ ਲਏ 4 ਨੌਜਵਾਨ ਵਿਅਕਤੀਆਂ ਵਿੱਚੋਂ 2 ਵਿਅਕਤੀਆਂ ਦੇ ਹੱਥਾਂ ਵਿਚ ਕਾਲੇ ਰੰਗ ਗੇ ਮੋਮੀ ਲਿਫਾਫੇ ਵਿਚ ਕੁਝ ਵਸਤੂ ਤੇ ਪੇਮੈਟ ਹੋਣਾ ਪਾਇਆ ਗਿਆ, ਜਿਨ੍ਹਾਂ ਦੀ ਪੁਲਸ ਪਾਰਟੀ ਵੱਲੋਂ ਤਲਾਸ਼ੀ ਕਰਨ ਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 432 ਗ੍ਰਾਮ ਹੈਰੋਇਨ ਤੇ 3 ਲੱਖ ਰੁਪਏ ਡਰੱਗ ਬਣੀ ਬਰਾਮਦ ਹੋਈ ਹੈ। ਥਾਣਾ ਸਦਰ ਜਲਾਲਾਬਾਦ ਵਿਖੇ ਨਗਦੀ ਤੇ ਹੈਰੋਇਨ ਸਣੇ ਕਾਬੂ ਕੀਤੇ ਗਏ ਗੁਰਸੇਵਕ ਸਿੰਘ ਸਾਭੀ ਪੁੱਤਰ ਜਰਨੈਲ ਸਿੰਘ, ਗੁਰਮੀਤ ਸਿੰਘ ਪੁੱਤਰ ਖੇਮ ਸਿੰਘ ਵਾਸੀਆਨ ਬਾਘੀਆ (ਥਾਣਾ ਸਿਧਵਾ ਬੇਟ ਲੁਧਿਆਣਾ), ਬਲਵਿੰਦਰ ਸਿੰਘ ਪੁੱਤਰ ਰਾਮ ਸਿੰਘ ਢਾਣੀ ਮਾਨ ਸਿੰਘ ਵਾਲੀ ਜੋਧੀ ਭੈਣੀ ਤੇ ਵਿਕਰਮ ਸਿੰਘ ਉਰਫ ਵਿੱਕੀ ਪੁੱਤਰ ਪ੍ਰੀਤਮ ਸਿੰਘ ਵਾਸੀ ਫੱਤੂਵਾਲਾ ਦੇ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ ਹੈ।

ਰੂਪ ਵਾਟਿਕਾ ਸਕੂਲ ਨੇ ਜ਼ੋਨਲ ਐਥਲੀਟ ਮੀਟ 'ਚ ਜਿੱਤੇ ਮੈਡਲ

ਜਗਰਾਉਂ (ਅਮਿਤ ਖੰਨਾ)-ਰੂਪ ਵਾਟਿਕਾ ਸੀਨੀਅਰ ਸੈਕੰਡਰੀ ਸਕੂਲ ਜਗਰਾਉਂ ਦੇ ਬੱਚਿਆਂ ਨੇ ਬੀਤੇ ਦਿਨੀਂ ਖੇਡਾਂ ਵਿੱਚ ਬਹੁਤ ਸਾਰੇ ਪੁਰਸਕਾਰ ਜਿੱਤੇ, ਉਸੇ ਲੜੀ ਨੂੰ ਅੱਗੇ ਵਧਾਉਂਦਿਆਂ ਜ਼ੋਨਲ ਐਥਲੀਟ ਮੀਟ ਟੂਰਨਾਮੈਂਟ, ਜੋ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਮਾਲਪੁਰਾ ਵਿਖੇ ਹੋਇਆ, ਵਿੱਚ ਅੰਡਰ-14 ਗੁਰਨੀਤ ਕੌਰ ਨੇ ਜ਼ੋ

14-SEP-PAGE-8.qxd 9/13/2024 9:44 PM Page 1

ਜਲੰਧਰ ਸਮਾਰਟ ਸਿਟੀ ਪ੍ਰਾਜੈਕਟਾਂ ਦੀ ਸਮੀਖਿਆ, ਕੰਮ ਦੀ ਰਫ਼ਤਾਰ ਤੇਜ਼ ਕਰਨ ਦੇ ਨਿਰਦੇਸ਼

ਜਲੰਧਰ, (ਸੁਰਿੰਦਰ ਕੁਮਾਰ)- ਸਥਾਨਕ ਜਲੰਧਰ ਦੇ ਬੱਸ ਅੱਡੇ ਦੇ ਨੇੜੇ ਬੈਠੇ ਠੱਗ ਟਰੈਵਲ ਏਜੰਟਾਂ ਨੂੰ ਨੱਥ ਪਾਉਣ ਲਈ ਜਲੰਧਰ ਦੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਅੱਜ ਰਜਿਸਟਰਡ ਇਮੀਗ੍ਰੇਸ਼ਨ ਫਰਮਾਂ ਅਤੇ ਆਈਲੈਟਸ ਸੰਸਥਾਵਾਂ ਨੂੰ ਸੂਬਾ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਦੀ ਸਖ਼ਤੀ ਨਾਲ ਪਾਲਣਾ ਯਕੀਨੀ ਬਣਾਉਣ ਦੀਆਂ ਹਦਾਇਤਾਂ ਦਿੱਤੀਆਂ।ਡਾ. ਅਗਰਵਾਲ ਨੇ ਰਜਿਸਟਰਡ ਇਮੀਗ੍ਰੇਸ਼ਨ ਫਰਮਾਂ ਅਤੇ ਆਈਲੈਟਸ ਸੰਸਥਾਵਾਂ ਨੂੰ ਆਪਣੇ ਦਫ਼ਤਰਾਂ ਤੇ ਇਮਾਰਤਾਂ 'ਚ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜਾਰੀ ਲਾਇਸੈਂਸ ਡਿਸਪਲੇ ਕਰਨ ਲਈ ਕਿਹਾ ਤਾਂ ਜੋ ਲੋਕ ਇਨ੍ਹਾਂ ਫਰਮਾਂ ਦੀ ਸਰਕਾਰ ਪਾਸ ਰਜਿਸਟ੍ਰੇਸ਼ਨ ਬਾਰੇ ਜਾਣ ਸਕਣ। ਉਨ੍ਹਾਂ ਕਿਹਾ ਕਿ ਸਾਰੀਆਂ ਫਰਮਾਂ ਲਈ ਆਪਣੇ ਵਪਾਰਕ ਲੈਣ-ਦੇਣ ਦੇ ਸਬੰਧ ਵਿੱਚ ਸੂਬਾ ਸਰਕਾਰ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਦੀ ਸਖ਼ਤੀ ਨਾਲ ਪਾਲਣਾ ਕਰਨਾ ਲਾਜ਼ਮੀ ਹੈ।ਡਾ. ਅਗਰਵਾਲ ਨੇ ਗੈਰ-ਰਜਿਸਟਰਡ ਫਰਮਾਂ ਵੱਲੋਂ ਹੋਣ ਵਾਲੀ ਕਿਸੇ ਵੀ ਤਰ੍ਹਾਂ ਦੀ ਧੋਖਾਧੜੀ ਨੂੰ ਰੋਕਣ ਲਈ ਲੋਕਾਂ ਨੂੰ ਸਿਰਫ਼ ਰਜਿਸਟਰਡ ਇਮੀਗ੍ਰੇਸ਼ਨ ਫਰਮਾਂ ਨਾਲ ਹੀ ਸੰਪਰਕ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਵੱਲੋਂ ਅਜਿਹੀਆਂ ਸਾਰੀਆਂ ਫਰਮਾਂ ਦੀ ਨਿਯਮਿਤ ਤੌਰ 'ਤੇ ਚੈਕਿੰਗ ਕੀਤੀ ਜਾ ਰਹੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਾਰੇ ਨਿਯਮਾਂ ਦੀ ਪੂਰੀ ਤਰ੍ਹਾਂ ਪਾਲਣਾ ਹੋ ਰਹੀ ਹੈ।

ਇਮੀਗ੍ਰੇਸ਼ਨ ਫਰਮਾਂ ਨੂੰ ਆਪਣੇ ਦਫ਼ਤਰਾਂ ਤੇ ਇਮਾਰਤਾਂ 'ਚ ਲਾਇਸੈਂਸ ਡਿਸਪਲੇ ਕਰਨ ਦੀਆਂ ਹਦਾਇਤਾਂ

ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਵੱਲੋਂ ਬਿਜਲੀ ਮੁਲਾਜ਼ਮਾਂ ਤੇ ਡਾਕਟਰਾਂ ਦੀ ਹੜਤਾਲ ਦਾ ਸਮਰਥਨ

ਹੁਸ਼ਿਆਰਪੁਰ, (ਬਲਵੀਰ ਸੈਣੀ)- ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਦੇ ਆਗੂਆਂ ਸਤੀਸ਼ ਰਾਣਾ, ਜਰਮਨਜੀਤ ਸਿੰਘ, ਸੁਰਿੰਦਰ ਪਾਲ ਸਿੰਘ ਮੋਲੋਵਾਲੀ, ਕਰਮ ਸਿੰਘ ਧਨੋਆ, ਸੁਖਦੇਵ ਸਿੰਘ ਸੈਣੀ, ਰਣਜੀਤ ਸਿੰਘ ਰਾਣਵਾ, ਭਜਨ ਸਿੰਘ ਗਿੱਲ, ਗਗਨਦੀਪ ਸਿੰਘ ਭੁੱਲਰ, ਬਾਜ ਸਿੰਘ ਖਹਿਰਾ, ਐਨ .ਕੇ. ਕਲਸੀ, ਜਗਦੀਸ਼ ਸਿੰਘ ਚਾਹਲ, ਜਸਵੀਰ ਸਿੰਘ ਤਲਵਾੜਾ, ਰਾਧੇ ਸ਼ਾਮ, ਬੋਵਿੰਦਰ ਸਿੰਘ, ਦਿਗਵਿਜੇ ਪਲ ਸ਼ਰਮਾ ਅਤੇ ਕਰਮਜੀਤ ਸਿੰਘ ਬੀਹਲਾ ਨੇ ਸਾਂਝਾ ਬਿਆਨ ਜਾਰੀ ਕਰਦਿਆਂ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਦੇ ਮੁਲਾਜ਼ਮਾਂ ਵੱਲੋਂ ਬਿਜਲੀ ਮੁਲਾਜ਼ਮਾਂ ਦੀਆਂ ਵੱਖ-ਵੱਖ ਜਥੇਬੰਦੀਆਂ 'ਤੇ ਆਧਾਰਤ ਬਣੇ ਜੁਆਇੰਟ ਫੋਰਮ, ਏਕਤਾ ਮੰਚ ਅਤੇ ਜੂਨੀਅਰ ਇੰਜੀਨੀਅਰ ਐਸੋਸੀਏਸ਼ਨ ਦੇ ਸੱਦੇ 'ਤੇ 10 ਸਤੰਬਰ ਤੋਂ ਚੱਲ ਰਹੀ ਹੜਤਾਲ ਦਾ ਪੂਰਨ ਸਮਰਥਨ ਕੀਤਾ ਅਤੇ ਪੰਜਾਬ ਸਰਕਾਰ ਤੇ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਦੀ ਮੈਨੇਜਮੈਂਟ ਤੋਂ ਮੰਗ ਕੀਤੀ ਕਿ ਉਹ ਅੜੀਅਲ ਵਤੀਰਾ ਛੱਡ ਕੇ ਹੜਤਾਲੀ ਮੁਲਾਜ਼ਮਾਂ ਦੇ ਆਗੂਆਂ ਨਾਲ ਤੁਰੰਤ ਗੱਲਬਾਤ ਕਰਕੇ ਮੰਗਾਂ ਦਾ ਨਿਪਟਾਰਾ ਕਰੇ। ਸਾਂਝਾ ਫਰੰਟ ਦੇ ਉਕਤ ਆਗੂਆਂ ਵੱਲੋਂ ਸਿਹਤ ਵਿਭਾਗ ਅੰਦਰ ਕੰਮ ਕਰਦੇ ਡਾਕਟਰਾਂ ਦੀ ਜਥੇਬੰਦੀ ਪੀ ਸੀ ਐਮ ਐਸ ਐਸੋਸੀਏਸ਼ਨ ਵਲੋਂ ਆਪਣੀਆਂ ਮੰਗਾਂ ਨੂੰ ਲੈ ਕੇ ਕੀਤੀ ਜਾ ਰਹੀ ਹੜਤਾਲ ਦਾ ਵੀ ਸਮਰਥਨ ਕੀਤਾ ਅਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪੀ ਸੀ ਐਮ ਐਸ ਐਸੋਸੀਏਸ਼ਨ ਨਾਲ ਗੱਲਬਾਤ ਦੌਰਾਨ ਕੀਤੇ ਸਮਝੌਤੇ ਨੂੰ ਅਮਲੀ ਰੂਪ ਦਿੱਤਾ ਜਾਵੇ। ਸਾਂਝਾ ਫਰੰਟ ਦੇ ਉਕਤ ਆਗੂਆਂ ਵੱਲੋਂ ਪੰਜਾਬ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਅਪੀਲ ਕੀਤੀ ਕਿ ਉਹ ਇਹਨਾਂ ਹੜਤਾਲੀ ਮੁਲਾਜ਼ਮਾਂ ਦੇ ਚੱਲ ਰਹੇ ਸੰਘਰਸ਼ਾਂ ਵਿੱਚ ਸਾਥੀਆਂ ਸਮੇਤ ਸ਼ਾਮਿਲ ਹੋ ਕੇ ਸਮਰਥਨ ਕਰਨ । ਉਕਤ ਆਗੂਆਂ ਆਪਣਾ ਬਿਆਨ ਜਾਰੀ ਰੱਖਦਿਆਂ ਇਹ ਵੀ ਦੱਸਿਆ ਕਿ ਅੱਜ ਸਾਂਝਾ ਫਰੰਟ ਦੀ ਜੋ ਮੀਟਿੰਗ ਕੈਬਨਿਟ ਸਬ ਕਮੇਟੀ ਨਾਲ ਪੰਜਾਬ ਭਵਨ ਵਿਖੇ ਸੀ ਉਸ ਵਿੱਚ ਸਾਂਝਾ ਫਰੰਟ ਵਲੋਂ ਸ਼ਮੂਲੀਅਤ ਨਹੀਂ ਕੀਤੀ ਗਈ ਕਿਉਂਕਿ ਕੈਬਨਿਟ ਸਬ ਕਮੇਟੀ ਦੇ ਮੁਖੀ ਹਰਪਾਲ ਸਿੰਘ ਚੀਮਾ ਵਿੱਤ ਮੰਤਰੀ ਪੰਜਾਬ ਨਾਲ ਪਹਿਲਾਂ ਹੀ ਚਾਰ ਮੀਟਿਗਾਂ ਹੋ ਚੁੱਕੀਆਂ ਹਨ ਅਤੇ ਉਨਾਂ ਵੱਲੋਂ ਕਿਸੇ ਵੀ ਮੰਗ ਦਾ ਨਿਪਟਾਰਾ ਨਹੀਂ ਕੀਤਾ ਗਿਆ ਅਤੇ ਦੂਜੇ ਪਾਸੇ ਪੰਜਾਬ ਦੇ ਮੁੱਖ ਮੰਤਰੀ ਵੱਲੋਂ ਅੱਠ ਵਾਰ ਮੀਟਿਗ ਦਾ ਸਮਾਂ ਦੇ ਕੇ ਮੀਟਿੰਗਾਂ ਮੁਲਤਵੀ ਕੀਤੀਆਂ ਗਈਆਂ, ਜਿਸ ਸਬੰਧੀ ਸਾਂਝਾ ਫਰੰਟ ਵੱਲੋਂ ਆਪਣਾ ਰੋਸ ਪੱਤਰ ਪਹਿਲਾਂ ਹੀ ਮੁੱਖ ਮੰਤਰੀ ਨੂੰ ਭੇਜ ਦਿੱਤਾ ਗਿਆ ਸੀ। ਸਾਂਝਾ ਫਰੰਟ ਦੇ ਆਗੂਆਂ ਆਖਿਆ ਕਿ ਸਾਂਝਾ ਫਰੰਟ ਵੱਲੋਂ 19 ਸਤੰਬਰ ਨੂੰ ਮੀਟਿੰਗ ਕਰਕੇ ਅਗਲੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ।

ਜੀ ਐੱਨ ਏ ਯੂਨੀਵਰਸਿਟੀ 'ਚ ਫਾਇਰਲੈਸ ਮਿਲਟ ਕੁਕਰੀ ਵਰਕਸ਼ਾਪ

ਫਗਵਾੜਾ (ਡਾ. ਰਮਨ)-ਜੀ.ਐਨ.ਏ. ਯੂਨੀਵਰਸਿਟੀ ਦੇ ਚਾਂਸਲਰ ਗੁਰਦੀਪ ਸਿੰਘ ਸੀਹਰਾ ਦੀ ਪ੍ਰੇਰਨਾ ਸਦਕਾ ਅਦਾਰੇ ਦੇ ਸਕੂਲ ਆਫ਼ ਹਾਸਪਿਟੈਲਿਟੀ ਅਤੇ ਸਕੂਲ ਆਫ਼ ਅਲਾਈਡ ਹੈਲਥ ਕੇਅਰ ਸਾਇੰਸਜ਼ ਵਲੋਂ ਸਿਹਤਮੰਦ ਅਤੇ ਵਧੇਰੇ ਟਿਕਾਊ ਖਾਣ-ਪੀਣ ਦੇ ਅਭਿਆਸਾਂ ਨੂੰ ਉਤਸ਼ਾਹਿਤ ਕਰਨ ਦੇ ਮਨੋਰਥ ਨਾਲ ਰਾਸ਼ਟਰੀ ਪੋਸ਼ਣ ਹਫ਼ਤਾ ਮਨਾਇਆ ਗਿਆ। ਜਿਸ ਦਾ ਉਦਘਾਟਨ ਮੁੱਖ ਮਹਿਮਾਨ ਡਾ. ਜਸਲੀਨ ਕੌਰ ਸੀਹਰਾ ਨੇ ਯੂਨੀਵਰਸਿਟੀ ਦੇ ਅਕਾਦਮਿਕ ਆਗੂਆਂ ਪ੍ਰੋਫੈਸਰ. ਡਾ. ਹੇਮੰਤ ਸ਼ਰਮਾ ਵਾਈਸ ਚਾਂਸਲਰ, ਡਾ. ਮੋਨਿਕਾ ਹੰਸਪਾਲ ਡੀਨ ਅਕਾਦਮਿਕ, ਪ੍ਰੋਫੈਸਰ. ਡਾ. ਦੀਪਕ ਕੁਮਾਰ ਡੀਨ ਅਤੇ ਅਸਿਸਟੈਂਟ ਪ੍ਰੋਫੈਸਰ ਭਾਨੂ ਸਕੂਲ ਆਫ਼ ਹਾਸਪਿਟੈਲਿਟੀ ਅਤੇ ਸਕੂਲ ਆਫ ਅਲਾਈਡ ਹੈਲਥਕੇਅਰ ਦੇ ਸਹਿਯੋਗ ਨਾਲ ਕੀਤਾ। ਵਰਕਸ਼ਾਪ ਦੀ ਸ਼ੁਰੂਆਤ ਯੋਗ ਨਿਊਟ੍ਰੀਸ਼ਨ ਕੋਚ ਮੋਨਿਕਾ ਮਲਿਕ ਜੋ ਖੁਰਾਕ ਸਲਾਹ ਅਤੇ ਜਨਤਕ ਸਿਹਤ ਵਿੱਚ ਆਪਣੀ ਵੱਖਰੀ ਪਹਿਚਾਣ ਰੱਖਦੇ ਹਨ, ਉਹਨਾਂ ਵਲੋਂ ਐਨਰਜੀ ਡ੍ਰਿੰਕਸ : ਪੋਸ਼ਨ ਆਫ਼ ਇਲਿਊਜ਼ਨ ਵਿਸ਼ੇ 'ਤੇ ਗੈਸਟ ਲੈਕਚਰ ਨਾਲ ਹੋਈ। ਜਿਹਨਾਂ ਨੇ ਐਨਰਜੀ ਡਰਿੰਕ ਕੰਪਨੀਆਂ ਦੁਆਰਾ ਵਰਤੀਆਂ ਜਾਂਦੀਆਂ ਗੁਮਰਾਹ ਕਰਨ ਵਾਲੀਆਂ ਮਾਰਕੀਟਿੰਗ ਰਣਨੀਤੀਆਂ 'ਤੇ ਚਰਚਾ ਕੀਤੀ ਅਤੇ ਉਨ੍ਹਾਂ ਦੇ ਉਤਪਾਦ ਦੀ ਖਪਤ ਨਾਲ ਜੁੜੇ ਸੰਭਾਵੀ ਸਿਹਤ ਜੋਖਮਾਂ ਦਾ ਖੁਲਾਸਾ ਕੀਤਾ। ਡਾ. ਮੋਨਿਕਾ ਨੇ ਹਾਜ਼ਰੀਨ ਨੂੰ ਆਪਣੀਆਂ ਖਪਤ ਦੀਆਂ ਆਦਤਾਂ 'ਤੇ ਮੁੜ ਵਿਚਾਰ ਕਰਨ ਅਤੇ ਊਰਜਾ ਦੇ ਕੁਦਰਤੀ ਸਰੋਤਾਂ ਨੂੰ ਤਰਜੀਹ ਦੇਣ ਲਈ ਪ੍ਰੇਰਿਤ ਕੀਤਾ। ਗੈਸਟ ਲੈਕਚਰ ਤੋਂ ਬਾਅਦ, ਈਵੈਂਟ ਵਿੱਚ ਯੂ.ਆਈ.ਟੀ.ਐਚ.ਐਮ. ਚੰਡੀਗੜ੍ਹ ਯੂਨੀਵਰਸਿਟੀ ਦੇ ਸਹਾਇਕ ਪ੍ਰੋਫੈਸਰ ਸ਼ੈੱਫ ਸੌਰਭ ਖੁਰਾਣਾ ਦੀ ਅਗਵਾਈ ਵਿੱਚ ਫਾਇਰਲੈਸ ਮਿਲਟ ਮੈਜਿਕ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਸ਼ੈੱਫ ਖੁਰਾਣਾ ਨੇ ਦਿਖਾਇਆ ਕਿ ਕਿਵੇਂ ਰਵਾਇਤੀ ਪਕਾਉਣ ਦੇ ਤਰੀਕਿਆਂ ਤੋਂ ਬਿਨਾਂ ਫਾਇਰਲੈਸ ਪਕਵਾਨਾਂ ਦੀ ਇੱਕ ਕਿਸਮ ਤਿਆਰ ਕੀਤੀ ਜਾਂਦੀ ਹੈ, ਜਿਸ ਵਿੱਚ ਪਫਡ ਮਿਲਟ ਟਰੇਲ ਮਿਕਸ, ਮਿਲਟਸ ਸਲਾਦ, ਮਿਲਟ ਪੈਨਕੇਕ, ਮਿਲਟ ਬਰਾਊਨੀ, ਕਰੀਮ ਪਨੀਰ ਅਤੇ ਖੀਰੇ ਦੇ ਨਾਲ ਰਾਗੀ ਬਰੈੱਡ ਸੈਂਡਵਿਚ ਸ਼ਾਮਲ ਹਨ। ਡਾ. ਜਸਲੀਨ ਕੌਰ ਸੀਹਰਾ ਸਮੇਤ ਡਾ. ਹੇਮੰਤ ਸ਼ਰਮਾ ਵਾਈਸ ਚਾਂਸਲਰ, ਡਾ. ਮੋਨਿਕਾ ਹੰਸਪਾਲ ਅਕਾਦਮਿਕ ਡੀਨ, ਡਾ. ਦੀਪਕ ਕੁਮਾਰ ਡੀਨ ਸਕੂਲ ਆਫ਼ ਹੋਸਪਿਟੈਲਿਟੀ ਨੇ ਇਸ ਵਰਕਸ਼ਾਪ ਨੂੰ ਵਿਦਿਆਰਥੀਆਂ ਲਈ ਬਹੁਤ ਲਾਹੇਵੰਦ ਦੱਸਿਆ ਅਤੇ ਕਿਹਾ ਕਿ ਅਜਿਹੇ ਆਯੋਜਨਾਂ ਲਈ ਯੂਨੀਵਰਸਿਟੀ ਹਮੇਸ਼ਾ ਸਹਿਯੋਗ ਕਰਦੀ ਰਹੇਗੀ।

ਦਿਵਿਆਂਗ ਵਿਅਕਤੀਆਂ ਲਈ ਬਣਾਵਟੀ ਅੰਗ ਤੇ ਟ੍ਰਾਈਸਾਈਕਲ ਮੁਹੱਈਆ ਕਰਾਉਣ ਲਈ ਕੈਂਪ 26 ਨੂੰ

ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਕ੍ਰਿਸ਼ਨ ਗਰਗ)- ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀ ਰਹਿਨੁਮਾਈ ਹੇਠ ਜ਼ਿਲ੍ਹਾ ਰੈੱਡ ਕਰਾਸ ਸੋਸਾਇਟੀ ਐੱਸ. ਏ. ਐੱਸ. ਨਗਰ ਮੋਹਾਲੀ ਵੱਲੋਂ ਦਿਵਿਆਂਗ ਵਿਅਕਤੀਆਂ ਲਈ ਬਣਾਵਟੀ ਅੰਗ ਅਤੇ ਟ੍ਰਾਈ ਸਾਈਕਲ ਆਦਿ ਮੁਹੱਈਆ ਕਰਵਾਉਣ ਲਈ ਭਾਰਤੀਯ ਕ੍ਰਿਤ੍ਰਿਮ ਅੰਗ ਨਿਰਮਾਣ ਨਿਗਮ (ਚਨਾਲੋਂ) ਐੱਸ. ਏ. ਐੱਸ ਨਗਰ ਮੋਹਾਲੀ ਦੇ ਸਹਿਯੋਗ ਨਾਲ 26 ਸਤੰਬਰ ਨੂੰ ਸਵੇਰੇ 10:00 ਵਜੇ ਸਪੋਰਟਸ ਕੰਪਲੈਕਸ, ਸੈਕਟਰ-78 ਮੋਹਾਲੀ ਵਿਖੇ ਕੈਂਪ ਲਗਾਇਆ ਜਾ ਰਿਹਾ ਹੈ। ਇਸ ਕੈਂਪ ਵਿੱਚ ਜ਼ਿਲ੍ਹੇ ਵਿੱਚ ਕੈਂਪ ਲਗਾ ਕੇ ਸ਼ਨਾਖ਼ਤ ਕੀਤੇ 47 ਅੰਗਹੀਣ/ਅਪੰਗ ਵਿਅਕਤੀਆਂ ਨੂੰ ਵਸਤਾਂ/ਉਪਕਰਨ ਵੰਡੇ ਜਾਣਗੇ। ਇਸ ਕੈਂਪ ਵਿੱਚ ਟ੍ਰਾਈ ਸਾਈਕਲ, ਨਕਲੀ ਅੰਗ ਅਤੇ ਹੋਰ ਵੀ ਵਸਤਾਂ/ਉਪਕਰਨ ਆਦਿ ਲਾਭਪਾਤਰੀਆਂ ਨੂੰ ਮੁਹੱਈਆ ਕਰਵਾਏ ਜਾਣਗੇ। ਭਾਰਤੀਯ ਕ੍ਰਿਤ੍ਰਿਮ ਅੰਗਰ ਨਿਗਮ (ਚਨਾਲੋਂ) ਵੱਲੋਂ ਇਹ ਕੈਂਪ ਲਗਾ ਕੇ ਦਿਵਿਆਂਗ ਵਿਅਕਤੀਆਂ ਲਈ ਲੋਕ ਭਲਾਈ ਦੇ ਕੰਮ ਕੀਤੇ ਜਾ ਰਹੇ ਹਨ। ਇਹ ਕੈਂਪ ਦਿਵਿਆਂਗ ਵਿਅਕਤੀਆਂ ਨੂੰ ਬਣਾਵਟੀ ਅੰਗ ਲਗਵਾ ਕੇ ਚੰਗੇਰਾ ਜੀਵਨ ਜਿਉਣ ਦੇ ਕਾਬਿਲ ਬਣਾ ਰਹੇ ਹਨ।

ਵਿਧਾਨ ਸਭਾ ਹਲਕਾ ਸ੍ਰੀ ਅਨੰਦਪੁਰ ਸਾਹਿਬ ਦੇ ਪਿੰਡਾਂ ਦੀ ਕੀਤੀ ਜਾਵੇਗੀ ਡਿਜੀਟਲ ਸੈਟੇਲਾਈਟ ਮੈਪਿੰਗ

ਚੰਡੀਗੜ੍ਹ, (ਕ੍ਰਿਸ਼ਨ ਗਰਗ)- ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਵਿਧਾਨ ਸਭਾ ਹਲਕਾ ਸ੍ਰੀ ਅਨੰਦਪੁਰ ਸਾਹਿਬ ਦੇ ਅਧੀਨ ਆਉਂਦੇ ਪਿੰਡਾਂ ਦੀ ਡਿਜੀਟਲ ਸੈਟੇਲਾਈਟ ਮੈਪਿੰਗ ਕਰਵਾਉਣ ਦੀ ਨਿਵੇਕਲੀ ਪਹਿਲ ਕੀਤੀ ਹੈ।ਬੈਂਸ ਦੇ ਇਸ ਉਪਰਾਲੇ ਨਾਲ ਵਿਧਾਨ ਸਭਾ ਦੇ ਸਾਰੇ ਪਿੰਡਾਂ ਦੀ ਡਿਜੀਟਲ ਸੈਟੇਲਾਈਟ ਮੈਪਿੰਗ ਕਰਵਾਈ ਜਾਵੇਗੀ। ਇਸ ਮੈਪਿੰਗ ਲਈ ਪਿੰਡਾਂ ਦੀਆਂ ਗਲੀਆਂ, ਟੋਭੇ, ਪਿੰਡ ਦੀ ਫਿਰਨੀ, ਮੰਦਰ, ਗੁਰਦੁਆਰਾ, ਸਕੂਲ, ਕਮਿਊਨਿਟੀ ਸੈਂਟਰ, ਹਸਪਤਾਲ ਨੂੰ ਸ਼ਾਮਲ ਕੀਤਾ ਗਿਆ ਹੈ।ਇਹ ਕਾਰਜ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਰਾਹੀਂ ਕਰਵਾਇਆ ਜਾ ਰਿਹਾ ਹੈ। ਇਸ ਕਾਰਜ ਦੇ ਨੇਪਰੇ ਚੜ੍ਹਨ ਨਾਲ ਪਿੰਡ ਵਿੱਚ ਕੀਤੇ ਜਾਣ ਵਾਲੇ ਵੱਖ-ਵੱਖ ਵਿਕਾਸ ਕਾਰਜਾਂ ਲਈ ਸਬੰਧਤ ਵਿਭਾਗਾਂ ਨੂੰ ਵਾਰ-ਵਾਰ ਪਿੰਡ ਦੇ ਗੇੜੇ ਨਹੀਂ ਮਾਰਨੇ ਪੈਣਗੇ ਅਤੇ ਨਾਲ ਹੀ ਸਬੰਧਤ ਵਿਭਾਗਾਂ ਨੂੰ ਵੀ ਸਰਕਾਰੀ ਥਾਵਾਂ ਦੀ ਅਸਲ ਸਥਿਤੀ ਪਤਾ ਲੱਗ ਸਕੇਗੀ। ਇਸ ਨਾਲ ਵਾਰ-ਵਾਰ ਕੀਤੀ ਜਾਣ ਵਾਲੀ ਨਿਸ਼ਾਨਦੇਹੀ ਦੇ ਕੰਮ ਤੋਂ ਜਿੱਥੇ ਛੁਟਕਾਰਾ ਮਿਲੇਗਾ ਉੱਥੇ ਹੀ ਸਰਕਾਰੀ ਅਧਿਕਾਰੀਆਂ ਅਤੇ ਪੰਚਾਇਤਾਂ ਦਾ ਸਮਾਂ ਬਚੇਗਾ। ਇਸ ਦੇ ਨਾਲ ਹੀ ਗੰਦੇ ਪਾਣੀ ਅਤੇ ਸੀਵਰੇਜ ਦੀ ਨਿਕਾਸੀ ਲਈ ਨਕਸ਼ਾ ਤਿਆਰ ਅਤੇ ਪੀਣ ਵਾਲੇ ਪਾਣੀ ਦੀਆਂ ਲਾਈਨਾਂ ਵਿਛਾਉਣ ਵਿੱਚ ਵੀ ਮਦਦਗਾਰ ਸਾਬਿਤ ਹੋਵੇਗਾ ਕਿਉਂਕਿ ਇਸ ਨਾਲ ਪਿੰਡ ਦਾ ਡਿਜੀਟਲ ਲੈਵਲ ਵੀ ਪਤਾ ਲੱਗ ਜਾਵੇਗਾ ਅਤੇ ਪਿੰਡਾਂ ਦੀਆਂ ਗਲੀਆਂ ਦੀ ਲੰਬਾਈ ਵੀ ਸਹੀ ਤੌਰ 'ਤੇ ਪਤਾ ਲੱਗ ਜਾਵੇਗੀ।

ਇਹ ਡਾਟਾ ਉਮਰ ਭਰ ਲਈ ਤਿਆਰ ਹੋ ਜਾਵੇਗਾ ਜਿਸ ਨੂੰ ਲੋੜ ਪੈਣ 'ਤੇ ਅਪਡੇਟ ਵੀ ਕੀਤਾ ਜਾ ਸਕੇਗਾ।

ਨਸ਼ਾ ਤਸਕਰਾਂ ਖਿਲਾਫ਼ ਮੁਹਿੰਮ ਵੱਡੇ ਪੱਧਰ 'ਤੇ ਜਾਰੀ : ਡੀ ਆਈ

ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਕ੍ਰਿਸ਼ਨ ਗਰਗ)- ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਦੀ ਵਚਨਬੱਧਤਾ ਤਹਿਤ ਅਤੇ ਡਾਇਰੈਕਟਰ ਜਨਰਲ ਪੁਲਿਸ, ਪੰਜਾਬ ਗੌਰਵ ਯਾਦਵ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਰੋਪੜ ਰੇਂਜ ਵਿੱਚ ਪੰਜਾਬ ਪੁਲਸ ਵੱਲੋਂ ਨਸ਼ੇ ਦੇ ਖਾਤਮੇ ਲਈ 17 ਜੂਨ, 2024 ਤੋਂ ਸਪੈਸ਼ਲ ਮੁਹਿੰਮ ਆਰੰਭੀ ਗਈ ਹੈ, ਜਿਸ ਤਹਿਤ 211 ਕੇਸਾਂ ਵਿੱਚ 296 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।ਵਧੇਰੇ ਜਾਣਕਾਰੀ ਦਿੰਦਿਆਂ ਨਿਲਾਂਬਰੀ ਜਗਦਲੇ, ਡੀ.ਆਈ.ਜੀ. ਰੋਪੜ ਰੇਂਜ ਨੇ ਦੱਸਿਆ ਕਿ ਇਸ ਮੁਹਿੰਮ ਦੌਰਾਨ ਰੋਪੜ ਰੇਂਜ ਦੇ ਜ਼ਿਲ੍ਹਿਆਂ ਰੋਪੜ, ਮੋਹਾਲੀ ਅਤੇ ਫਤਿਹਗੜ੍ਹ ਸਾਹਿਬ ਵਿੱਚ ਨਸ਼ਿਆਂ ਦੇ ਤਸਕਰਾਂ ਖਿਲਾਫ ਕਾਰਵਾਈ ਕਰਦੇ ਹੋਏ 211 ਕੇਸ ਦਰਜ ਕੀਤੇ ਗਏ, ਜਿਨ੍ਹਾਂ ਵਿੱਚ 296 ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਪਾਸੋਂ ਕਰੀਬ 381 ਕਿਲੋ 770 ਗ੍ਰਾਮ ਭੁੱਕੀ, 44 ਕਿਲੋ 167 ਗ੍ਰਾਮ ਅਫੀਮ, 13 ਗ੍ਰਾਮ 10 ਮਿਲੀਗ੍ਰਾਮ ਸਮੈਕ, 963 ਗ੍ਰਾਮ ਨਸ਼ੀਲਾ ਪਾਊਡਰ, 14507 ਨਸ਼ੀਲੀਆਂ ਗੋਲੀਆਂ, 1 ਕਿਲੋ 746 ਗ੍ਰਾਮ ਚਰਸ, 1 ਕਿਲੋ 397 ਗ੍ਰਾਮ 75 ਮਿਲੀਗ੍ਰਾਮ ਹੈਰੋਇਨ, 50 ਨਸ਼ੀਲੀ ਦਵਾਈ ਦੀਆਂ ਬੋਤਲਾਂ, 61 ਕਿਲੋ 347 ਗ੍ਰਾਮ ਗਾਂਜਾ, 3281 ਨਸ਼ੀਲੇ ਇੰਜੈਕਸ਼ਨ ਅਤੇ 3,95,450 ਡਰੱਗ ਮਨੀ ਵਗੈਰਾ ਦੀ ਰਿਕਵਰੀ ਕੀਤੀ ਗਈ ਹੈ।ਉਨ੍ਹਾਂ ਅੱਗੇ ਦੱਸਿਆ ਕਿ ਇਸ ਤੋਂ ਇਲਾਵਾ 42,00,000 ਰੁਪਏ ਤੋਂ ਵੱਧ ਦੀ ਪ੍ਰਾਪਰਟੀ ਫ੍ਰੀਜ਼ ਕਰਵਾਉਣ ਲਈ ਸਮਰੱਥ ਅਥਾਰਟੀ ਨੂੰ ਕੇਸ ਭੇਜੇ ਗਏ ਹਨ ਅਤੇ ਨਸ਼ਾ ਤਸਕਰਾਂ ਦੀ 1,34,123 ਰੁਪਏ ਦੀ ਪ੍ਰਾਪਰਟੀ ਜ਼ਬਤ ਕਰਵਾਈ ਗਈ ਹੈ।ਡੀ ਆਈ ਜੀ ਅਨੁਸਾਰ ਐਨ.

14-SEP-PAGE-9qxd.qxd 9/13/2024 9:44 PM Page 1

ਲਾੜੀ ਨੂੰ ਬਿਨਾਂ ਦੱਸੇ ਵਿਦੇਸ਼ ਗਏ ਲਾੜੇ ਸਮੇਤ ਤਿੰਨ 'ਤੇ ਮਾਮਲਾ ਦਰਜ

ਬੰਗਾ (ਅਵਤਾਰ ਕਲੇਰ)-ਥਾਣਾ ਸਦਰ ਬੰਗਾ ਪੁਲਸ ਨੇ ਆਪਣੇ ਆਪ ਨੂੰ ਵਿਦੇਸ਼ ਵਿੱਚ ਪੱਕਾ ਹੋਣ ਅਤੇ ਵਿਆਹ ਤੋਂ ਬਾਅਦ ਲਾੜੀ ਨੂੰ ਆਪਣੇ ਨਾਲ ਵਿਦੇਸ਼ ਨਾਲ ਲੈ ਕੇ ਜਾਣ ਵਾਲੇ ਲਾੜੇ ਸਮੇਤ ਤਿੰਨ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰਨ ਦਾ ਸਮਾਚਾਰ ਹੈ।ਸੀਨੀਅਰ ਪੁਲਸ ਕਪਤਾਨ ਸ਼ਹੀਦ ਭਗਤ ਸਿੰਘ ਨਗਰ ਨੂੰ ਦਿੱਤੀ ਆਪਣੀ ਸ਼ਿਕਾਇਤ ਵਿੱਚ ਜਸਮੀਨ ਕੌਰ ਪੁੱਤਰੀ ਤਰਨਜੀਤ ਸਿੰਘ ਨਿਵਾਸੀ ਸੁੱਜੋ ਨੇ ਦੱਸਿਆ ਕਿ ਉਸ ਦਾ ਮਿਤੀ 21 ਫਰਵਰੀ 2024 ਨੂੰ ਨਵਨੀਤ ਸਿੰਘ ਪੁੱਤਰ ਲਖਵੀਰ ਸਿੰਘ ਨਿਵਾਸੀ ਨੌਰਾ ਨਾਲ ਗੁਰਮਰਿਆਦਾ ਤਹਿਤ ਗੁਰਦੁਆਰਾ ਸ੍ਰੀ ਨਾਭ ਕੰਵਲ ਰਾਜਾ ਸਾਹਿਬ ਪਿੰਡ ਸੁੱਜੋ ਵਿਖੇ ਵਿਆਹ ਹੋਇਆ ਸੀ ਅਤੇ ਉਸ ਉਪੰਰਤ ਵਿਆਹ ਦੀਆਂ ਬਾਕੀ ਰਸਮਾ ਬੰਗਾ ਦੇ ਇੱਕ ਨਿੱਜੀ ਪੈਲੇਸ ਵਿੱਚ ਹੋਈਆਂ ਸਨ।ਜਿਸ ਦੌਰਾਨ ਉਸ ਦੇ ਮਾਤਾ ਪਿਤਾ ਨੇ ਸਮੱਰਥਾ ਅਨੁਸਾਰ ਕੀਮਤੀ ਸਾਮਾਨ ਦਿੱਤਾ।ਉਸ ਦੱਸਿਆ ਕਿ ਉਨ੍ਹਾਂ ਦਾ ਉਕਤ ਵਿਆਹ ਵਿੱਚ ਅੰਦਾਜ਼ਨ 25 ਲੱਖ ਰੁਪਏ ਦੇ ਕਰੀਬ ਖਰਚਾ ਆਇਆ। ਵਿਆਹ ਤੋਂ ਪਹਿਲਾ ਉਸ ਦੇ ਪਤੀ ਨਵਨੀਤ ਪੁੱਤਰ ਲਖਵੀਰ ਸਿੰਘ ਅਤੇ ਉਸ ਦੇ ਪਿਤਾ ਲਖਵੀਰ ਸਿੰਘ ਪੁੱਤਰ ਨਿਰਮਲ ਸਿੰਘ ਮਾਤਾ ਹਰਵਿੰਦਰ ਕੌਰ ਪਤਨੀ ਲਖਵੀਰ ਸਿੰਘ ਨਿਵਾਸੀ ਨੌਰਾ ਨੇ ਦੱਸਿਆ ਕਿ ਨਵਨੀਤ ਆਸਟ੍ਰੇਲੀਆ ਪੱਕਾ ਹੋ ਚੁੱਕਾ ਹੈ ਅਤੇ ਵਿਆਹ ਤੋਂ ਬਾਅਦ ਉਹ ਉਸ ਨੂੰ ਵੀ ਆਪਣੇ ਨਾਲ ਪੱਕੇ ਤੌਰ 'ਤੇ ਵਿਦੇਸ਼ ਲੈ ਜਾਵੇਗਾ। ਵਿਆਹ ਉਪੰਰਤ ਉਸ ਚਾਰ ਮਹੀਨੇ ਤੱਕ ਆਪਣੇ ਸੁਹਰੇ ਘਰ ਪਿੰਡ ਨੌਰਾ ਰਹੀ ਜਿਸ ਦੌਰਾਨ ਉਸ ਦੇ ਸਹੁਰੇ, ਸੱਸ ਅਤੇ ਪਤੀ ਦਾ ਰਵੱਈਆ ਉਸ ਪ੍ਰਤੀ ਠੀਕ ਨਹੀਂ ਰਿਹਾ ਅਤੇ ਵਿਆਹ ਤੋਂ ਕੁਝ ਹੀ ਦਿਨਾਂ ਮਗਰੋਂ ਉਸ ਦੀ ਸੱਸ ਉਸ ਨੂੰ ਦਾਜ ਵਿੱਚ ਕਾਰ ਨਾ ਲੈ ਕੇ ਆਉਣ ਦੇ ਤਾਹਨੇ ਮਾਰਨ ਲੱਗੀ ਅਤੇ ਉਸ ਦੇ ਪਤੀ ਨੇ ਵੀ ਉਸ ਨੂੰ ਕਦੀ ਵੀ ਪਤਨੀ ਵਾਂਗੂੰ ਨਹੀ ਸਮਝਿਆ ਅਤੇ ਉਸ ਦਾ ਪਤੀ ਉਸ ਨਾਲ ਮਨਪ੍ਰੀਤ ਨਾਮੀ ਔਰਤ ਜਿਸ ਦੀ ਉਨ੍ਹਾਂ ਦੇ ਘਰ ਵਿੱਚ ਬਹੁਤ ਦਖਲ ਅੰਦਾਜ਼ੀ ਸੀ ਅਤੇ ਉਸ ਦਾ ਪਤੀ ਉਸ ਦੇ ਘਰ ਦੇਰ ਰਾਤ 12 -12 ਵਜੇ ਬੈਠਾ ਰਹਿੰਦਾ ਸੀ ਅਤੇ ਸ਼ਰਾਬ ਪੀ ਕੇ ਘਰ ਆ ਕੇ ਉਸ ਨਾਲ ਕੁੱਟਮਾਰ ਕਰਦਾ ਰਹਿੰਦਾ ਸੀ ਜਿਸ ਸਬੰਧੀ ਉਹ ਆਪਣੇ ਪੇਕੇ ਪਰਵਾਰ ਨੂੰ ਦੱਸਦੀ ਰਹਿੰਦੀ ਸੀ।ਉਸ ਕਿਹਾ ਕਿ ਉਸ ਦੇ ਆਪਣੇ ਪਤੀ ਨਵਨੀਤ ਨੂੰ ਵਾਰ ਵਾਰ ਕੋਰਟ ਮੈਰਿਜ ਕਰਵਾਉਣ ਨੂੰ ਕਹਿਣ 'ਤੇ ਵੀ ਉਸ ਦੇ ਪਤੀ ਨੇ ਉਸ ਨਾਲ ਕੋਰਟ ਮੈਰਿਜ ਨਹੀਂ ਕਰਵਾਈ ਬਲ ਕਿ ਮਿਤੀ 26 ਮਾਰਚ 2024 ਨੂੰ ਉਹ ਉਸ ਨੂੰ ਬਿਨਾਂ ਦੱਸੇ ਵਿਦੇਸ਼ ਚਲਾ ਗਿਆ ਜਦੋਂ ਕਿ ਪਤੀ ਦੇ ਵਿਦੇਸ਼ ਜਾਣ ਤੋਂਬਾਅਦ ਵੀ ਉਹ ਆਪਣੇ ਸੁਹਰੇ ਘਰ ਰਹੀ ਵਿੱਚ ਰਹੀ। ਜਿਸ ਦੌਰਾਨ ਉਸ ਦੀ ਸੱਸ ਤੇ ਸਹੁਰਾ ਉਸ ਨੂੰ ਕਾਫੀ ਤੰਗ ਪ੍ਰੇਸ਼ਾਨ ਕਰਦੇ ਰਹੇ।ਉਸ ਦੱਸਿਆ ਕਿ ਉਸ ਦੇ ਬਿਮਾਰ ਹੋਣ 'ਤੇ ਵੀ ਉਸ ਦੇ ਸਹੁਰੇ ਪਰਵਾਰ ਨੇ ਉਸ ਇਲਾਜ ਨਹਰਣ ਕਰਵਾਇਆ ਬਲਕਿ 16 ਜੂਨ ਨੂੰ ਉਸ ਨਾਲ ਲੜਾਈ ਝਗੜਾ ਕਰ ਉਸ ਨੂੰ ਘਰੋਂ ਕੱਢ ਦਿੱਤਾ, ਜਿਸ ਸਬੰਧੀ ਉਸ ਨੇ ਸਾਰੀ ਗੱਲ ਆਪਣੇ ਪਿਤਾ ਨੂੰ ਫੋਨ 'ਤੇ ਦੱਸੀ ਜੋ ਉਸ ਦੀ ਮਾਤਾ ਅਤੇ ਪਿਤਾ ਉਸਨੂੰ ਆਪਣੇ ਨਾਲ ਘਰ ਲੈ ਗਏ । ਉਸ ਦੱਸਿਆ ਕਿ ਉਸ ਨੂੰ ਹੁਣ ਪਤਾ ਲੱਗਾ ਹੈ ਕਿ ਉਸ ਦਾ ਪਤੀ ਨਵਨੀਤ ਸਿੰਘ ਵਿਦੇਸ਼ ਵਿੱਚ ਪੱਕਾ ਨਹੀਂ ਹੈ ਅਤੇ ਉਸ ਨੇ ਅਤੇ ਉਸ ਦੇ ਮਾਂ ਪਿਤਾ ਨੇ ਝੂਠ ਬੋਲ ਕੇ ਉਸ ਨਾਲ ਉਸ ਦਾ ਵਿਆਹ ਕਰਵਾਇਆ ਸੀ ।ਮਿਲੀ ਸ਼ਿਕਾਇਤ ਤੇ ਸੀਨੀਅਰ ਪੁਲਸ ਕਪਤਾਨ ਸ਼ਹੀਦ ਭਗਤ ਸਿੰਘ ਨਗਰ ਨੇ ਇਸ ਦੀ ਜਾਂਚ ਪੜਤਾਲ ਪੁਲਸ ਕਪਤਾਨ (ਜਾਂਚ) ਨੂੰ ਸੌਂਪੀ ਜਿਨ੍ਹਾਂ ਨੇ ਸ਼ਿਕਾਇਤ 'ਤੇ ਆਪਣੀ ਕੀਤੀ ਜਾਂਚ ਰਿਪੋਰਟ ਸੀਨੀਅਰ ਪੁਲਸ ਕਪਤਾਨ ਨੂੰ ਸੌਂਪੀ। ਰਿਪੋਰਟ 'ਤੇ ਕਾਰਵਾਈ ਕਰਦੇ ਹੋਏ ਥਾਣਾ ਸਦਰ ਬੰਗਾ ਪੁਲਸ ਨੂੰ ਪਤੀ ਨਵਨੀਤ ਸਿੰਘ, ਉਸ ਦੇ ਪਿਤਾ ਲਖਵੀਰ ਸਿੰਘ (ਸਹੁਰਾ) ਅਤੇ ਮਾਤਾ ਹਰਵਿੰਦਰ ਕੌਰ (ਸੱਸ) ਤਿੰਨੋਂ ਨਿਵਾਸੀ ਨੌਰਾ ਖਿਲਾਫ ਮਾਮਲਾ ਦਰਜ ਕਰਨ ਦੇ ਆਦੇਸ਼ ਜਾਰੀ ਕੀਤੇ। ਥਾਣਾ ਸਦਰ ਪੁਲਸ ਨੇ ਉਕਤ ਤਿੰਨਾਂ ਖਿਲਾਫ ਮਾਮਲਾ ਦਰਜ ਕਰ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ।

ਜਲੰਧਰ ਇੰਪਰੂਵਮੈਂਟ ਟਰੱਸਟ ਦੇ ਅਧਿਕਾਰੀ ਤੇ ਕਲਰਕ ਸਮੇਤ 5 ਖਿਲਾਫ ਮਾਮਲਾ ਦਰਜ

ਜਲੰਧਰ (ਸ਼ੈਲੀ ਐਲਬਰਟ)-ਜਲੰਧਰ ਇੰਪਰੂਵਮੈਂਟ ਟਰੱਸਟ ਦੇ ਕਾਰਜਕਾਰੀ ਅਧਿਕਾਰੀ (ਈ ਓ) ਅਤੇ ਕਲਰਕਾਂ ਵਿਰੁੱਧ ਐਫ ਆਈ ਆਰ ਦਰਜ ਕੀਤੀ ਗਈ ਹੈ। ਟਰੱਸਟ ਦੇ ਕਲਰਕ ਅੱਜ ਦਫ਼ਤਰ ਨਹੀਂ ਆਏ ਅਤੇ ਸਾਰਾ ਕੰਮਕਾਜ ਠੱਪ ਪਿਆ ਹੈ।। ਦੋਸ਼ ਹੈ ਕਿ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਨੇ ਕਈ ਸਾਲ ਪੁਰਾਣੇ ਇੱਕ ਮਾਮਲੇ ਵਿੱਚ ਐਫ.ਆਈ.ਆਰ. ਜਾਣਕਾਰੀ ਅਨੁਸਾਰ ਨਗਰ ਸੁਧਾਰ ਟਰੱਸਟ (ਜਗਤਾਰ ਸਿੰਘ ਸੰਘੇੜਾ) ਦੇ ਚੇਅਰਮੈਨ ਜਗਤਾਰ ਸਿੰਘ ਸੰਘੇੜਾ ਨੇ ਸਾਲ 2018 ਦੇ ਦੋ ਮਾਮਲਿਆਂ 'ਚ ਕਲਰਕ ਅਨਿਲ ਕੁਮਾਰ ਸਮੇਤ ਟਰੱਸਟ ਦੇ ਤਤਕਾਲੀ ਈ.ਓ ਰਾਜੇਸ਼ ਚੌਧਰੀ, ਅਮਨਦੀਪ ਸਿੰਘ ਮਠਾੜੂ ਅਤੇ ਟਰੱਸਟ ਦੇ ਹੋਰ ਅਧਿਕਾਰੀਆਂ ਖਿਲਾਫ ਐੱਫ.ਆਈ.ਆਰ. ਬਾਰਾਂਦਰੀ ਵਿੱਚ ਦਰਜ ਕੀਤਾ ਗਿਆ ਹੈ। ਈ ਓ ਰਾਜੇਸ਼ ਚੌਧਰੀ ਚੇਅਰਮੈਨ ਵੱਲੋਂ ਦਰਜ ਕਰਵਾਈ ਗਈ ਐਫ ਆਈ ਆਰ ਖ਼ਿਲਾਫ਼ ਸਬਾਨਕ ਸਰਕਾਰਾਂ ਵਿਭਾਗ ਦੇ ਪ੍ਰਮੁੱਖ ਸਕੱਤਰ ਨੂੰ ਮਿਲੇ ਹਨ। ਸੂਤਰ ਆਖ ਰਹੇ ਹਨ ਕਿ ਚੇਅਰਮੈਨ ਈ ਓ ਖ਼ਿਲਾਫ਼ ਸਿੱਧੀ ਐਫ ਆਈ ਆਰ ਦਰਜ ਨਹੀਂ ਕਰ ਸਕਦਾ। ਇਸ ਦੇ ਨਾਲ ਹੀ ਇਹ ਐਫਆਈਆਰ ਜੁਲਾਈ 2024 ਵਿੱਚ ਦਰਜ ਕੀਤੀ ਗਈ ਸੀ।ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਹੁਣ ਪਤਾ ਲੱਗਾ ਹੈ ਕਿ ਉਨ੍ਹਾਂ ਖ਼ਿਲਾਫ਼ ਐਫ ਆਈ ਆਰ ਦਰਜ ਕੀਤੀ ਗਈ ਹੈ।ਜਿਸ ਦੇ ਚੱਲਦਿਆਂ ਅੱਜ ਇੰਪਰੂਵਮੈਂਟ ਟਰੱਸਟ ਦੇ ਮੁਲਾਜ਼ਮਾਂ ਨੇ ਟਰੱਸਟ ਦਫ਼ਤਰ ਵਿੱਚ ਕੰਮਕਾਜ ਠੱਪ ਕਰ ਦਿੱਤਾ। ਟਰੱਸਟ ਦਾ ਦਫ਼ਤਰ ਅਗਲੇ ਕੁਝ ਦਿਨਾਂ ਤੱਕ ਬੰਦ ਰਹੇਗਾ। ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਜਗਤਾਰ ਸਿੰਘ ਸੰਘੇੜਾ ਨੇ ਪੁਲਸ ਨੂੰ ਪੱਤਰ ਲਿਖ ਕੇ ਦੱਸਿਆ ਕਿ ਸਾਲ 2018 ਵਿੱਚ ਗੁਰੂ ਅਮਰਦਾਸ ਨਗਰ ਸਕੀਮ ਵਿੱਚ ਪਲਾਟ ਨੰਬਰ 460 ਦੀ ਰਜਿਸਟਰੀ ਅਮਨਦੀਪ ਸਿੰਘ ਮਠਾੜੂ ਦੇ ਨਾਂ 'ਤੇ ਗਲਤ ਤਰੀਕੇ ਨਾਲ ਕਰ ਦਿੱਤੀ ਗਈ ਸੀ । ਜਿਸ ਕਾਰਨ ਸਰਕਾਰ ਨੂੰ ਲੱਖਾਂ ਰੁਪਏ ਦਾ ਨੁਕਸਾਨ ਹੋਇਆ ਹੈ। ਟਰੱਸਟ ਦੇ ਤਤਕਾਲੀ ਈ ਓ ਰਾਜੇਸ਼ ਚੌਧਰੀ, ਅਮਨਦੀਪ ਮਠਾੜੂ ਸਮੇਤ ਟਰੱਸਟ ਦੇ ਅਧਿਕਾਰੀ ਇਸ ਲਈ ਜ਼ਿੰਮੇਵਾਰ ਹਨ। ਇਨ੍ਹਾਂ ਸਾਰਿਆਂ ਖ਼ਿਲਾਫ਼ ਐਫ ਆਈ ਆਰ ਦਰਜ ਕੀਤੀ ਗਈ ਹੈ।

ਚੱਬੇਵਾਲ ਨੇ ਜਨਤਾ ਦਰਬਾਰ 'ਚ ਸ਼ਿਕਾਇਤਾਂ ਦਾ ਮੌਕੇ 'ਤੇ ਕੀਤਾ ਨਿਪਟਾਰਾ

ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ, ਬਲਬੀਰ ਸਿੰਘ ਸੈਣੀ)-ਸਾਂਸਦ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਵੱਲੋਂ ਆਪਣੇ ਦਫ਼ਤਰ ਵਿੱਚ ਜਨਤਾ ਦਰਬਾਰ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਇਲਾਕੇ ਦੇ ਲੋਕਾਂ ਦੀਆਂ ਸਮੱਸਿਆਵਾਂ ਅਤੇ ਸ਼ਿਕਾਇਤਾਂ ਸੁਣੀਆਂ ਗਈਆਂ।ਇਸ ਪ੍ਰੋਗਰਾਮ ਦਾ ਮੁੱਖ ਮੰਤਵ ਜਨਤਾ ਦੀਆਂ ਸਮੱਸਿਆਵਾਂ ਨੂੰ ਸਿੱਧੇ ਸੁਣਨਾ ਅਤੇ ਉਨ੍ਹਾਂ ਦੇ ਜਲਦੀ ਹੱਲ ਕਰਨਾ ਸੀ।ਵੱਡੀ ਗਿਣਤੀ ਵਿੱਚ ਲੋਕ ਆਪਣੀਆਂ ਸ਼ਿਕਾਇਤਾਂ ਲੈ ਕੇ ਪਹੁੰਚੇ ਅਤੇ ਐਮ.ਪੀ ਚੱਬੇਵਾਲ ਨੇ ਮੌਕੇ 'ਤੇ ਹੀ ਜ਼ਿਆਦਾਤਰ ਸਮੱਸਿਆਵਾਂ ਦਾ ਹੱਲ ਕੀਤਾ।ਇਸ ਸ਼ਿਕਾਇਤ ਨਿਵਾਰਨ ਕੈਂਪ ਵਿੱਚ ਉਨ੍ਹਾਂ ਦੇ ਨਾਲ ਡਾ: ਜਤਿੰਦਰ ਅਤੇ ਡਾ: ਇਸ਼ਾਕ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਜਨਤਾ ਦਰਬਾਰ ਵਿੱਚ ਪ੍ਰਾਪਤ ਹੋਈਆਂ ਜ਼ਿਆਦਾਤਰ ਸ਼ਿਕਾਇਤਾਂ ਸਥਾਨਕ ਮੁੱਦਿਆਂ ਜਿਵੇਂ ਪਾਣੀ ਦੀ ਕਮੀ, ਬਿਜਲੀ ਸਪਲਾਈ ਦੀ ਸਮੱਸਿਆ, ਸੜਕਾਂ ਦੀ ਘਾਟ ਅਤੇ ਹੋਰ ਬੁਨਿਆਦੀ ਸਹੂਲਤਾਂ ਨਾਲ ਸਬੰਧਤ ਸਨ।ਐਮ.ਪੀ ਚੱਬੇਵਾਲ ਨੇ ਮੌਕੇ 'ਤੇ ਹੀ ਸਬੰਧਤ ਅਧਿਕਾਰੀਆਂ ਨਾਲ ਗੱਲ ਕੀਤੀ ਅਤੇ ਹਦਾਇਤ ਕੀਤੀ ਕਿ ਇਨ੍ਹਾਂ ਸਮੱਸਿਆਵਾਂ ਦਾ ਤੁਰੰਤ ਹੱਲ ਕੀਤਾ ਜਾਵੇ। ਸੰਸਦ ਮੈਂਬਰ ਚੱਬੇਵਾਲ ਨੇ ਕਿਹਾ ਕਿ ਜਨਤਾ ਦੀਆਂ ਸਮੱਸਿਆਵਾਂ ਨੂੰ ਹੱਲ ਕਰਨਾ ਸਾਡੀ ਪਹਿਲ ਹੈ। ਅਸੀਂ ਇਹ ਯਕੀਨੀ ਬਣਾਵਾਂਗੇ ਕਿ ਕੋਈ ਵੀ ਬਿਨਾਂ ਹੱਲ ਕੀਤੇ ਇੱਥੋਂ ਵਾਪਸ ਨਾ ਜਾਵੇ। ਉਨ੍ਹਾਂ ਇਹ ਵੀ ਯਕੀਨੀ ਬਣਾਇਆ ਕਿ ਜਿਨ੍ਹਾਂ ਕੇਸਾਂ ਦਾ ਨਿਪਟਾਰਾ ਨਹੀਂ ਹੋਇਆ, ਉਨ੍ਹਾਂ ਦੀ ਨਿਯਮਤ ਤੌਰ 'ਤੇ ਪੈਰਵੀ ਕੀਤੀ ਜਾਵੇਗੀ ਅਤੇ ਜਲਦੀ ਤੋਂ ਜਲਦੀ ਰਿਪੋਰਟ ਪੇਸ਼ ਕੀਤੀ ਜਾਵੇਗੀ।ਜਨਤਾ ਦਰਬਾਰ ਦੌਰਾਨ ਸੰਸਦ ਮੈਂਬਰ ਚੱਬੇਵਾਲ ਨੇ ਇਲਾਕੇ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਦਾ ਜਾਇਜ਼ਾ ਵੀ ਲਿਆ ਅਤੇ ਕਿਹਾ ਕਿ ਉਹ ਆਪਣੇ ਇਲਾਕੇ ਦੇ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਲਗਾਤਾਰ ਯਤਨਸ਼ੀਲ ਹਨ।ਉਨ੍ਹਾਂ ਕਿਹਾ ਕਿ ਸਾਰੀਆਂ ਬੁਨਿਆਦੀ ਸਹੂਲਤਾਂ ਜਿਵੇਂ ਕਿ ਸੜਕਾਂ ਦੀ ਮੁਰੰਮਤ, ਬਿਜਲੀ ਅਤੇ ਪਾਣੀ ਦੀ ਸਪਲਾਈ ਦੇ ਕੰਮ ਜਲਦੀ ਮੁਕੰਮਲ ਕੀਤੇ ਜਾਣਗੇ ਅਤੇ ਕਿਸੇ ਵੀ ਤਰ੍ਹਾਂ ਦੀ ਦੇਰੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।ਇਸ ਸਮਾਗਮ ਨੇ ਇਲਾਕੇ ਦੇ ਲੋਕਾਂ ਵਿੱਚ ਸੰਸਦ ਮੈਂਬਰ ਚੱਬੇਵਾਲ ਪ੍ਰਤੀ ਵਿਸ਼ਵਾਸ ਨੂੰ ਹੋਰ ਮਜ਼ਬੂਤ ਕੀਤਾ ਹੈ ਅਤੇ ਉਨ੍ਹਾਂ ਦੇ ਇਸ ਉਪਰਾਲੇ ਦੀ ਲੋਕਾਂ ਵੱਲੋਂ ਭਰਪੂਰ ਸ਼ਲਾਘਾ ਕੀਤੀ ਗਈ ਹੈ।

ਆਉਣ ਵਾਲੀਆਂ ਜ਼ਿਮਨੀ ਚੋਣਾਂ 'ਚ ਮੁਲਾਜ਼ਮ ਆਪ ਸਰਕਾਰ 'ਤੇ ਐਸਮਾ ਲਗਾ ਦੇਣਗੇ : ਕੁਲਵੰਤ ਸਿੰਘ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)-ਕੁਲਵੰਤ ਸਿੰਘ ਸੈਣੀ, ਜਨਰਲ ਸਕੱਤਰ ਪੰਜਾਬ ਵਲੋਂ ਇੱਕ ਮੀਟਿੰਗ ਕੀਤੀ ਗਈ, ਜਿਸ ਵਿਚ ਉਹਨਾਂ ਕਿਹਾ ਕਿ ਪੰਜਾਬ ਦੇ ਸਮੂਹ ਵਰਗਾਂ ਦੇ ਮੁਲਾਜ਼ਮ ਜਿਸ ਵਿਚ ਆਊਟਸੋਰਸ ਅਤੇ ਠੇਕੇ 'ਤੇ ਰੱਖੇ ਮੁਲਾਜ਼ਮ ਜਿਸ ਦਿਨ ਦੀ ਸਰਕਾਰ ਬਣੀ ਹੈ, ਇਹ ਸਰਕਾਰ ਨੂੰ ਵਾਰ ਵਾਰ ਮੰਗ ਪੱਤਰਾਂ ਰਾਹੀਂ ਮੀਟਿੰਗ ਦਾ ਸਮਾਂ ਮੰਗ ਰਹੇ ਹਨ ਪਰੰਤੂ ਪੰਜਾਬ ਦੇ ਮੁੱਖ ਮੰਤਰੀ ਸਮਾਂ ਦੇ ਕੇ ਲਗਾਤਾਰ ਢਾਈ ਸਾਲ ਤੋਂ ਮੁਲਾਜ਼ਮਾਂ ਨੂੰ ਲਾਰਿਆਂ ਵਿਚ ਰੱਖ ਰਹੇ ਹਨ, ਜੇਕਰ ਕੋਈ ਮੁਲਾਜ਼ਮ ਸੰਵਿਧਾਨ ਦੇ ਮੁਤਾਬਿਕ ਆਪਣੇ ਹੱਕਾਂ ਲਈ ਲੜਦਾ ਹੈ ਤਾਂ ਉਸ ਉਪਰ ਐਸਮਾ ਲਗਾ ਕੇ ਬਾਹਰ ਕੱਢ ਦਿੱਤਾ ਜਾਂਦਾ ਹੈ। ਮੈਂ ਇਹ ਸਰਕਾਰ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਡਾ: ਭੀਮ ਰਾਓ ਅੰਬੇਦਕਰ ਸੰਵਿਧਾਨ ਦੇ ਰਚਨਕਾਰ ਅਤੇ ਸ਼ਹੀਦੇ ਆਜਮ ਭਗਤ ਸਿੰਘ ਦੀ ਫੋਟੋ ਆਪਣੇ ਦਫਤਰਾਂ ਵਿਚ ਲਗਾਉਣ ਦਾ ਕੀ ਫਾਇਦਾ ਹੈ। ਇਸ ਲਈ ਮੈਂ ਇਸ ਸਰਕਾਰ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਆਪ ਦੀ ਸਰਕਾਰ ਮੁਲਾਜ਼ਮਾਂ ਤੇ ਐਸਮਾ ਲਗਾ ਰਹੇ ਹੋ ਆਉਣ ਵਾਲੀਆਂ ਜ਼ਿਮਨੀ ਚੋਣਾਂ ਵਿਚ ਅਤੇ ਬਾਅਦ ਵਿਚ ਆਉਣ ਵਾਲੀਆਂ ਚੋਣਾਂ ਵਿਚ ਮੁਲਾਜ਼ਮ ਇਸ ਸਰਕਾਰ 'ਤੇ ਹੀ ਐਸਮਾ ਲਗਾ ਦੇਣਗੇ ਜੋ ਹਰ ਕੀਤੇ ਵਾਅਦੇ ਤੋਂ ਮੁੱਕਰ ਰਹੀ ਹੈ। ਆਪਣੀਆਂ ਤਨਖਾਹਾਂ 4-4 ਗੁਣਾ ਵਧਾ ਰਹੀ ਹੈ, ਲੇਕਿਨ ਆਊਟਸੋਰਸ ਤੇ ਮੁਲਾਜ਼ਮਾਂ ਨੂੰ ਜੋ 20 ਤੋਂ 25 ਸਾਲ ਤੋਂ ਲੱਗੇ ਹੋਏ ਹਨ ਉਹਨਾਂ ਨੂੰ ਪੱਕਾ ਨਹੀਂ ਕਰ ਰਹੀ। ਜਿਹੜੇ ਮੁਲਾਜ਼ਮ ਆਪਣੇ ਚਹੇਤਿਆਂ ਦੇ ਬਾਹਰੋਂ ਰੱਖ ਕੇ ਮੁਲਾਜ਼ਮ ਭੇਜ ਰਹੀ ਹੈ, ਜੇਕਰ ਡਰਾਈਵਰ ਹੈ ਤਾਂ ਉਸ ਨੂੰ ਗੱਡੀ ਨਹੀਂ ਚਲਾਉਣੀ ਆਉਂਦੀ, ਜੋ ਫਾਇਰਮੈਨ ਭੇਜੇ ਹਨ ਉਹਨਾਂ ਉੱਪਰ ਕੇਸ ਦਰਜ ਹੈ ਜਾਂ ਉਹਨਾਂ ਨੂੰ ਪੱਤਰ ਆਦਿ ਵੀ ਨਹੀਂ ਲਿਖਣੇ ਆਉਂਦੇ। ਸੋ ਇਸ ਲਈ ਜਲਦ ਪੂਰੇ ਪੰਜਾਬ ਵਿਚ ਸਾਰੇ ਮਹਿਕਮਿਆਂ ਵਲੋਂ ਹੜਤਾਲ ਕਰ ਦਿੱਤੀ ਜਾਵੇਗੀ, ਜਿਸ ਦੀ ਸਾਰੀ ਜ਼ਿੰਮੇਵਾਰੀ ਆਪ ਦੀ ਨਿੱਜੀ ਹੋਵੇਗੀ। ਇਸ ਮੀਟਿੰਗ ਵਿਚ ਕਰਨਜੋਤ ਪ੍ਰਧਾਨ ਸਫਾਈ ਕਰਮਚਾਰੀ ਯੂਨੀਅਨ, ਗੋਪਾਲ ਥਾਪਰ ਕਪੂਰਥਲਾ ਸੀਨੀਅਰ ਵਾਈਸ ਪ੍ਰਧਾਨ ਨਗਰ ਪਾਲਿਕਾ ਕਰਮਚਾਰੀ ਸੰਗਠਨ, ਹੀਰਾ ਲਾਲ ਜਨਰਲ ਸਕੱਤਰ, ਬਲਰਾਮ ਵਾਈਸ ਚੇਅਰਮੈਨ, ਨੀਰਜ ਭੱਟੀ, ਕਾਲਾ ਹੰਸ, ਤਰਸੇਮ ਲਾਲ ਟਾਂਡਾ, ਆਦਿ ਹੋਰ ਇਸ ਮੀਟਿੰਗ ਵਿਚ ਸ਼ਾਮਲ ਹੋਏ।

ਸਿਵਲ ਹਸਪਤਾਲ ਭੁਲੱਥ 'ਚ 5ਵੇਂ ਦਿਨ ਵੀ ਡਾਕਟਰਾਂ ਨੇ ਓ ਪੀ ਡੀ ਸੇਵਾਵਾਂ ਕੀਤੀਆਂ ਠੱਪ

ਭੁਲੱਥ, (ਮਨਪ੍ਰੀਤ ਸਿੰਘ)-ਸਿਵਲ ਹਸਪਤਾਲ ਭੁਲੱਥ ਵਿਖੇ 5ਵੇਂ ਦਿਨ ਵੀ ਡਾਕਟਰਾਂ ਨੇ ਓ.ਪੀ.ਡੀ ਸੇਵਾਵਾਂ ਠੱਪ ਕਰਕੇ ਕੰਮ-ਕਾਜ ਬੰਦ ਰੱਖਿਆ । ਸਿਵਲ ਹਸਪਤਾਲ ਦੇ ਡਾਕਟਰਾਂ ਵੱਲੋਂ ਆਪਣੀਆਂ ਮੰਗਾਂ ਦੇ ਸੰਬੰਧ ਵਿੱਚ ਬੀਤੇ 4 ਦਿਨਾਂ ਤੋਂ ਓ.ਪੀ.ਡੀ ਸੇਵਾਵਾਂ ਬੰਦ ਰੱਖੀਆ ਗਈਆਂ ਸਨ ਤੇ ਅੱਜ ਫਿਰ ਪੰਜਵੇਂ ਦਿਨ ਸਰਕਾਰ ਵੱਲੋਂ ਉਨਾਂ ਦੀਆਂ ਮੰਗੀ ਮੰਗਾਂ ਨਾ ਮੰਨੇ ਜਾਣ ਤੇ ਡਾਕਟਰੀ ਸਟਾਫ ਵੱਲੋਂ ਲਈ ਓ.ਪੀ.ਡੀ ਸੇਵਾਵਾਂ ਬੰਦ ਕਰਕੇ ਹੜਤਾਲ ਕੀਤੀ ਗਈ । ਜਿਸ ਕਰਕੇ ਮਰੀਜ਼ਾਂ ਨੂੰ ਭਾਰੀ ਖੱਜਲ ਖੁਆਰੀ ਦਾ ਸਾਹਮਣਾ ਕਰਨਾ ਪਿਆ । ਮਰੀਜ਼ ਦੂਰ ਦਰਾਡੇ ਤੋਂ ਆਪਣ

14-SEP-PAGE-10.qxd 9/13/2024 9:36 PM Page 1

ਗੁਰੂ ਗ੍ਰੰਥ ਸਾਹਿਬ ਵਰਲਡ 'ਵਰਸਿਟੀ ਨੇ ਮਨਾਇਆ ਰਾਸ਼ਟਰੀ ਪੁਲਾੜ ਦਿਵਸ

ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ) ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਭੌਤਿਕ ਵਿਗਿਆਨ ਵਿਭਾਗ ਨੇ ਯੂਨੀਵਰਸਿਟੀ ਦੇ ਸੈਂਟਰ ਫਾਰ ਸਾਇੰਟਿਫਿਕ ਰਿਸਰਚ ਐਂਡ ਇਨੋਵੇਸ਼ਨ ਸੈੱਲ (ਸੀ.ਐਸ.ਆਰ.ਆਈ.) ਦੇ ਸਹਿਯੋਗ ਨਾਲ ਰਾਸ਼ਟਰੀ ਪੁਲਾੜ ਦਿਵਸ ਮਨਾਉਣ ਲਈ ਪੋਸਟਰ ਮੇਕਿੰਗ ਮੁਕਾਬਲਾ ਤੇ ਪ੍ਰਦਰਸ਼ਨੀ ਦਾ ਆਯੋਜਨ ਕੀਤਾ ਸਮਾਗਮ ਵਿੱਚ ਐਮ.ਐਸ.ਸੀ. (ਆਨਰਜ਼) ਫਿਜ਼ਿਕਸ, ਬੀ.ਐਸ.ਸੀ. (ਆਨਰਜ਼) ਫਿਜ਼ਿਕਸ, ਬੀ.ਐਸ.ਸੀ. (ਆਨਰਜ਼) ਗਣਿਤ, ਅਤੇ ਬੀ.ਐਸ.ਸੀ. (ਨਾਨ-ਮੈਡੀਕਲ) ਪ੍ਰੋਗਰਾਮ ਦੇ ਵਿਦਿਆਰਥੀਆਂ ਤੇ ਵਿਭਾਗ ਦੇ ਫੈਕਲਟੀ ਮੈਂਬਰ ਨੇ ਉਤਸ਼ਾਹ ਨਾਲ ਭਾਗ ਲਿਆ।ਸਮਾਗਮ ਦੀ ਸ਼ੁਰੂਆਤ ਵਿਭਾਗ ਦੇ ਮੁਖੀ ਡਾ. ਪ੍ਰੀਤ ਕੌਰ ਦੇ ਪ੍ਰੇਰਣਾਦਾਇਕ ਭਾਸ਼ਣ ਨਾਲ ਹੋਈ।ਉਨ੍ਹਾਂ ਰਾਸ਼ਟਰੀ ਪੁਲਾੜ ਦਿਵਸ ਮਨਾਉਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ।ਉਨ੍ਹਾਂ ਪੁਲਾੜ ਖੋਜ ਵਿੱਚ ਭਾਰਤ ਦੀਆਂ ਸ਼ਾਨਦਾਰ ਪ੍ਰਾਪਤੀਆਂ ਨੂੰ ਉਜਾਗਰ ਕੀਤਾ ਤੇ ਇਸ ਗੱਲ ਨੂੰ ਰੇਖਾਂਕਿਤ ਕੀਤਾ।ਉਪਰੰਤ ਇੱਕ ਡਾਕੂਮੈਂਟਰੀ ਪੇਸ਼ ਕੀਤੀ ਗਈ, ਜਿਸ ਵਿੱਚ ਭਾਰਤ ਦੀ ਪੁਲਾੜ ਯਾਤਰਾ ਬਾਰੇ ਇੱਕ ਮਨਮੋਹਕ ਸੰਖੇਪ ਜਾਣਕਾਰੀ ਦਿੱਤੀ ਗਈ।'ਚੰਨ ਨੂੰ ਛੂਹਣਾ, ਜੀਵਨ ਨੂੰ ਛੂਹਣਾ ਇੰਡੀਆਜ਼ ਸਪੇਸ ਸਾਗਾ' ਵਿਸ਼ੇ 'ਤੇ ਪੋਸਟਰ ਮੇਕਿੰਗ ਮੁਕਾਬਲਾ ਵੀ ਕਰਾਇਆ ਗਿਆ।ਵਿਦਿਆਰਥੀਆਂ ਨੇ ਆਪਣੀ ਰਚਨਾਤਮਕਤਾ ਤੇ ਵਿਸ਼ੇ ਦੀ ਡੂੰਘੀ ਸਮਝ ਦਾ ਪ੍ਰਦਰਸ਼ਨ ਕੀਤਾ।ਡਾ. ਰਾਹੁਲ ਬਡਰੂ ਤੇ ਡਾ: ਮੋਨਿਕਾ ਐਰੀ, ਸੀ.ਐਸ.ਆਰ.ਆਈ. ਸੈੱਲ ਦੇ ਮੈਂਬਰ ਦੇ ਨਿਰਣਾਇਕ ਰਹੇ।ਗੁਰਪ੍ਰੀਤ ਕੌਰ ਨੇ ਪਹਿਲਾ ਇਨਾਮ ਜਿੱਤਿਆ, ਜਦਕਿ ਅਰਸ਼ਪ੍ਰੀਤ ਕੌਰ ਤੇ ਨਵਜੋਤ ਕੌਰ ਨੇ ਦੂਜਾ ਇਨਾਮ ਸਾਂਝਾ ਕੀਤਾ, ਜਦਕਿ ਕਸ਼ਿਸ਼ ਤੀਜੇ ਸਥਾਨ 'ਤੇ ਰਹੀ। ਸੀ.ਐਸ.ਆਰ.ਆਈ ਸੈੱਲ ਦੇ ਚੇਅਰਮੈਨ ਡਾ.ਤੇਜਬੀਰ ਸਿੰਘ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ।

ਡਾ. ਸਿੰਘ ਨੇ ਵਿਦਿਆਰਥੀਆਂ ਨੂੰ ਉਹਨਾਂ ਦੀ ਸਰਗਰਮ ਭਾਗੀਦਾਰੀ ਲਈ ਵਧਾਈ ਦਿੱਤੀ ਤੇ ਪੇਸ਼ ਕੀਤੇ ਗਏ ਕੰਮ ਦੀ ਗੁਣਵੱਤਾ ਦੀ ਸ਼ਲਾਘਾ ਕੀਤੀ। ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਪ੍ਰਿਤ ਪਾਲ ਸਿੰਘ ਨੇ ਜੇਤੂਆਂ ਨੂੰ ਉਨ੍ਹਾਂ ਦੀਆਂ ਪ੍ਰਾਪਤੀਆਂ ਲਈ ਵਧਾਈ ਦਿੱਤੀ।ਉਨ੍ਹਾਂ ਵਿਦਿਆਰਥੀਆਂ ਵਿੱਚ ਵਿਗਿਆਨਕ ਭਾਵਨਾ ਤੇ ਨਵੀਨਤਾ ਨੂੰ ਉਤਸ਼ਾਹਤ ਕਰਨ ਲਈ ਅਜਿਹੇ ਸਮਾਗਮਾਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ।

ਮੋਟਰਸਾਈਕਲ ਚੋਰੀ ਕਰਕੇ ਭੱਜੇ ਚੋਰ ਦੀ ਹਾਦਸੇ 'ਚ ਮੌਤ

ਮਾਛੀਵਾੜਾ ਸਾਹਿਬ (ਸ਼ੈਕੀ ਸ਼ਰਮਾ, ਜਗਦੀਸ਼ ਰਾਏ)-ਮਾਛੀਵਾੜਾ ਸਾਹਿਬ ਵਿਖੇ ਸਥਿਤ ਇੱਕ ਡੇਅਰੀ ਦੇ ਬਾਹਰ ਖੜਾ ਮੋਟਰਸਾਈਕਲ ਚੋਰੀ ਕਰਕੇ ਲਿਜਾਣ ਵਾਲੇ ਨੌਜਵਾਨ ਦੀ ਹਾਦਸੇ ਵਿੱਚ ਮੌਤ ਹੋ ਗਈ। ਡੇਅਰੀ ਦਾ ਕੰਮ ਕਰਦੇ ਭੂਸ਼ਣ ਜੈਨ ਨੇ ਪੁਲਸ ਕੋਲ ਬਿਆਨ ਦਰਜ ਕਰਵਾਏ ਕਿ ਉਸ ਦੀ ਦੁਕਾਨ ਮੇਨ ਬਜ਼ਾਰ ਨੇੜੇ ਹੈ ਅਤੇ ਲੰਘੀ 10 ਸਤੰਬਰ ਨੂੰ ਉਸ ਨੇ ਆਪਣਾ ਮੋਟਰਸਾਈਕਲ ਬਾਹਰ ਖੜਾ ਕਰ ਦਿੱਤਾ, ਜਿਸ ਦੀ ਚਾਬੀ ਵਿੱਚ ਹੀ ਲੱਗੀ ਹੋਈ ਸੀ। ਰਾਤ ਨੂੰ ਕਰੀਬ 8.45 ਵਜੇ ਇੱਕ ਨਾ-ਮਲੂਮ ਨੌਜਵਾਨ ਉਸ ਦੀ ਦੁਕਾਨ ਬਾਹਰੋਂ ਇਹ ਮੋਟਰਸਾਈਕਲ ਚੋਰੀ ਕਰਕੇ ਲੈ ਗਿਆ। ਪੁਲਸ ਵੱਲੋਂ ਭੂਸ਼ਣ ਜੈਨ ਦੇ ਬਿਆਨਾਂ 'ਤੇ ਅਣਪਛਾਤੇ ਨੌਜਵਾਨ ਖਿਲਾਫ਼ ਚੋਰੀ ਦਾ ਮਾਮਲਾ ਦਰਜ ਕਰ ਲਿਆ ਗਿਆ। ਮੋਟਰਸਾਈਕਲ ਚੋਰੀ ਕਰਨ ਤੋਂ ਬਾਅਦ ਇਹ ਨੌਜਵਾਨ ਦੇਰ ਰਾਤ ਸਮਰਾਲਾ ਵੱਲ ਜਾ ਰਿਹਾ ਸੀ ਕਿ ਪਿੰਡ ਬਾਲਿਓਂ ਨੇੜੇ ਉਸ ਦਾ ਇਹ ਵਾਹਨ ਸਲਿੱਪ ਕਰ ਗਿਆ, ਜਿਸ ਕਾਰਨ ਉਹ ਹਾਦਸੇ ਦਾ ਸ਼ਿਕਾਰ ਹੋ ਗਿਆ। ਇਸ ਹਾਦਸੇ ਵਿੱਚ ਉਹ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ, ਜਿਸ ਨੂੰ ਪਹਿਲਾਂ ਸਿਵਲ ਹਸਪਤਾਲ ਸਮਰਾਲਾ ਲਿਆਂਦਾ ਗਿਆ, ਜਿੱਥੇ ਉਸ ਦੀ ਗੰਭੀਰ ਹਾਲਤ ਨੂੰ ਦੇਖਦਿਆਂ ਲੁਧਿਆਣਾ ਰੈਫ਼ਰ ਕਰ ਦਿੱਤਾ ਗਿਆ। ਵੀਰਵਾਰ ਇਲਾਜ ਦੌਰਾਨ ਮੋਟਰਸਾਈਕਲ ਚੋਰੀ ਕਰਨ ਵਾਲੇ ਨੌਜਵਾਨ ਦੀ ਮੌਤ ਹੋ ਗਈ। ਮਾਮਲੇ ਦੀ ਜਾਂਚ ਕਰ ਰਹੇ ਸਮਰਾਲਾ ਥਾਣਾ ਦੇ ਸਹਾਇਕ ਥਾਣੇਦਾਰ ਜਰਨੈਲ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੀ ਪਹਿਚਾਣ ਕ੍ਰਿਸ਼ਨ ਲਾਲ ਵਾਸੀ ਮਾਛੀਵਾੜਾ ਵਜੋਂ ਹੋਈ ਹੈ ਅਤੇ ਜਿਸ ਮੋਟਰਸਾਈਕਲ 'ਤੇ ਉਹ ਆ ਰਿਹਾ ਸੀ, ਉਹ ਚੋਰੀ ਕੀਤਾ ਹੋਇਆ ਸੀ। ਉਨ੍ਹਾ ਦੱਸਿਆ ਕਿ ਮ੍ਰਿਤਕ ਦੀ ਲਾਸ਼ ਨੂੰ ਪੋਸਟ ਮਾਰਟਮ ਲਈ ਭਿਜਵਾ ਦਿੱਤਾ ਹੈ।

ਪੱਤਰਕਾਰ ਅਮਨਦੀਪ ਖਿਲਾਫ਼ ਕੇਸ ਦਰਜ ਕਰਨ ਦੀ ਨਿੰਦਾ

ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)-ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ ਨੇ ਪੱਤਰਕਾਰ ਅਮਨਦੀਪ ਠਾਕੁਰ ਖਿਲਾਫ਼ ਐੱਫ.ਆਈ.ਆਰ. ਦਰਜ ਕਰਨ ਦੀ ਨਿਖੇਧੀ ਕੀਤੀ ਹੈ। ਯੂਨੀਅਨ ਦੇ ਚੇਅਰਮੈਨ ਬਲਵਿੰਦਰ ਸਿੰਘ ਜੰਮੂ, ਪ੍ਰਧਾਨ ਬਲਬੀਰ ਜੰਡੂ, ਮੀਤ ਪ੍ਰਧਾਨ ਜੈ ਸਿੰਘ ਛਿੱਬਰ ਤੇ ਸਕੱਤਰ ਸੰਤੋਖ ਗਿੱਲ ਨੇ ਪ੍ਰੈੱਸ ਨੂੰ ਜਾਰੀ ਕੀਤੇ ਬਿਆਨ ਰਾਹੀਂ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਤੇ ਡੀ. ਜੀ. ਪੀ. ਪੰਜਾਬ ਗੌਰਵ ਯਾਦਵ ਤੋਂ ਇਸ ਮਾਮਲੇ ਦੀ ਨਿਰਪੱਖ ਜਾਂਚ ਦੇ ਹੁਕਮ ਦੇਣ ਦੀ ਮੰਗ ਕੀਤੀ ਹੈ। ਦੱਸਣਯੋਗ ਹੈ ਕਿ ਅਮਨਦੀਪ ਠਾਕੁਰ ਵੱਲੋਂ ਵਿਦਿਆਰਥੀਆਂ ਨੂੰ ਵਿਦੇਸ਼ ਭੇਜਣ ਦਾ ਦਾਅਵਾ ਕਰਨ ਵਾਲੇ ਕਥਿਤ ਫਰਜ਼ੀ ਸਟੱਡੀ ਸੈਂਟਰ ਦੀਆਂ ਖ਼ਬਰਾਂ ਪ੍ਰਕਾਸ਼ਤ ਹੁੰਦੀਆਂ ਰਹੀਆਂ ਹਨ। ਦੱਸਿਆ ਜਾਂਦਾ ਹੈ ਕਿ ਪੱਤਰਕਾਰਾਂ ਨੂੰ ਕਥਿਤ ਟਰੈਵਲ ਏਜੰਟਾਂ ਤੇ ਗੈਰ-ਕਾਨੂੰਨੀ ਮਾਈਨਿੰਗ ਗੁੱਟਾਂ ਦੇ ਇਸ਼ਾਰੇ 'ਤੇ ਇਸ ਕੇਸ ਵਿੱਚ ਫਸਾਇਆ ਗਿਆ ਹੈ। ਇਹ ਪਹਿਲੀ ਵਾਰ ਨਹੀਂ ਹੈ, ਸਗੋਂ ਇਸ ਤੋਂ ਪਹਿਲਾਂ ਵੀ ਅਜਿਹਾ ਮਾਮਲਾ ਸਾਹਮਣੇ ਆਇਆ ਹੈ, ਜਦੋਂ ਖ਼ਬਰਾਂ ਪ੍ਰਕਾਸ਼ਤ ਕਰਨ ਲਈ ਮੀਡੀਆ ਵਾਲਿਆਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ। ਯੂਨੀਅਨ ਆਗੂਆਂ ਨੇ ਅੱਗੇ ਕਿਹਾ ਕਿ ਮੀਡੀਆ ਵਾਲਿਆਂ ਦਾ ਇਸ ਹੱਦ ਤੱਕ ਸ਼ੋਸ਼ਣ ਕਰਨਾ ਬਰਦਾਸ਼ਤਯੋਗ ਨਹੀਂ ਹੈ ਕਿ ਝੂਠੇ ਕੇਸਾਂ ਵਿੱਚ ਫਸਾਇਆ ਜਾਵੇ ਤੇ ਉਨ੍ਹਾਂ ਨੂੰ ਅਖਬਾਰ ਵਜੋਂ ਆਪਣੀ ਡਿਊਟੀ ਕਰਨ ਤੋਂ ਰੋਕਿਆ ਜਾਵੇ।

ਨਾਨਕ ਸਿੰਘ ਦੇ ਡੀ ਆਈ ਜੀ ਬਣਨ 'ਤੇ ਗੁਰਬਿੰਦਰ ਸਿੱਧੂ ਵੱਲੋਂ ਦਿੱਤੀ ਗਈ ਵਧਾਈ

ਬਠਿੰਡਾ (ਪਰਵਿੰਦਰ ਜੀਤ ਸਿੰਘ/ਰਾਜੀਵ ਗੋਇਲ)-ਐੱਸ.ਐੱਸ.ਪੀ. ਨਾਨਕ ਸਿੰਘ ਨੂੰ ਤਰੱਕੀ ਮਿਲਣ ਤੋਂ ਬਾਅਦ ਡੀ.ਆਈ.ਜੀ. ਬਣਨ 'ਤੇ ਭਾਜਪਾ ਦੇ ਸੀਨੀਅਰ ਆਗੂ ਤੇ ਸਾਬਕਾ ਜ਼ਿਲ੍ਹਾ ਪ੍ਰਧਾਨ ਗੁਰਬਿੰਦਰ ਸਿੱਧੂ ਵੱਲੋਂ ਗੁਲਦਸਤਾ ਭੇਟ ਕਰਦੇ ਹੋਏ ਉਨ੍ਹਾਂ ਨੂੰ ਵਧਾਈ ਦਿੱਤੀ ਗਈ। ਗੱਲਬਾਤ ਕਰਦੇ ਹੋਏ ਗੁਰਬਿੰਦਰ ਭਗਤਾ ਨੇ ਕਿਹਾ ਕਿ ਨਾਨਕ ਸਿੰਘ ਬਹੁਤ ਹੀ ਵਧੀਆ ਤੇ ਮਿਹਨਤੀ ਅਫਸਰ ਹਨ ਤੇ ਅਜਿਹੇ ਅਫਸਰ, ਜਿਹੜੇ ਸਮਾਜ 'ਚ ਫੈਲੀਆਂ ਕੁਰੀਤੀਆਂ ਨੂੰ ਦੂਰ ਕਰਨ ਵਿੱਚ ਅਹਿਮ ਰੋਲ ਅਦਾ ਕਰਦੇ ਹੋਏ ਆਪਣੀ ਡਿਊਟੀ ਇਮਾਨਦਾਰੀ ਤੇ ਤਨਦੇਹੀ ਨਾਲ ਕਰਦੇ ਹਨ, ਉਨ੍ਹਾਂ ਨੂੰ ਸਰਕਾਰ ਵੱਲੋਂ ਤਰੱਕੀ ਦੇਣੀ ਲਾਜ਼ਮੀ ਬਣਦੀ ਹੈ। ਉਨ੍ਹਾਂ ਦੱਸਿਆ ਕਿ ਨਾਨਕ ਸਿੰਘ ਅਜਿਹੇ ਹੀ ਅਫਸਰਾਂ ਵਿੱਚੋਂ ਇੱਕ ਹਨ। ਨਾਨਕ ਸਿੰਘ ਬਠਿੰਡਾ ਵਿਖੇ ਬਤੌਰ ਸੀਨੀਅਰ ਪੁਲਸ ਕਪਤਾਨ ਵਜੋਂ ਆਪਣੀਆਂ ਸੇਵਾਵਾਂ ਨਿਭਾਅ ਚੁੱਕੇ ਹਨ।

ਮਾਡਰਨ ਕਾਲਜ ਵਿਖੇ ਇੰਟਰਨੈਸ਼ਨਲ ਲਿਟਰੇਸੀ ਦਿਵਸ ਮਨਾਇਆ

ਚੀਮਾ ਮੰਡੀ (ਰਵਿੰਦਰ ਚੀਮਾ)-ਮਾਡਰਨ ਕਾਲਜ ਬੀਰ ਕਲਾਂ ਵਿਖੇ ਇੰਟਰਨੈਸ਼ਨਲ ਲਿਟਰੇਸੀ ਦਿਵਸ ਮਨਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਦੇ ਭਾਸ਼ਣ ਤੇ ਰੰਗੋਲੀ ਬਣਾਉਣ ਦੇ ਮੁਕਾਬਲੇ ਕਰਵਾਏ ਗਏ। ਇਸ ਮੌਕੇ ਮੈਡਮ ਹਰਦੀਪ ਕੌਰ ਨੇ ਦੱਸਿਆ ਕਿ ਰੰਗੋਲੀ ਮੁਕਾਬਲਿਆਂ ਵਿੱਚੋਂ ਹਰਮਨਦੀਪ ਕੌਰ, ਗਗਨਦੀਪ ਕੌਰ, ਅਮਨਦੀਪ ਕੌਰ, ਦੀਕਸ਼ਾ ਤੇ ਸਿਮਰਪ੍ਰੀਤ ਸਿੰਘ ਨੇ ਪਹਿਲਾ ਸਥਾਨ ਹਾਸਲ ਕੀਤਾ, ਜਦਕਿ ਰਮਨਦੀਪ ਕੌਰ, ਸਰਬਜੀਤ ਕੌਰ ਤੇ ਧਰਮਪ੍ਰੀਤ ਸਿੰਘ ਨੇ ਦੂਸਰਾ ਸਥਾਨ ਹਾਸਲ ਕੀਤਾ ਅਤੇ ਪ੍ਰਦੀਪ ਸਿੰਘ, ਹਰਵਿੰਦਰ ਸਿੰਘ, ਨਵਜੋਤ ਕੌਰ ਤੇ ਮਨਪ੍ਰੀਤ ਕੌਰ ਨੇ ਤੀਸਰਾ ਸਥਾਨ ਹਾਸਲ ਕੀਤਾ। ਇਸ ਮੌਕੇ ਚੇਅਰਮੈਨ ਡਾਕਟਰ ਰਵਿੰਦਰ ਬਾਂਸਲ ਤੇ ਪ੍ਰਿੰਸੀਪਲ ਡਾਕਟਰ ਵੀ ਕੇ ਰਾਏ ਨੇ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਕੀਤੀ। ਇਸ ਮੌਕੇ ਮੈਡਮ ਰਜਿੰਦਰ ਕੌਰ, ਡਾਕਟਰ ਨਵਜੋਤ ਕੌਰ, ਅਮਨਦੀਪ ਕੌਰ. ਵੀਰਪਾਲ ਕੌਰ, ਚਰਨਜੀਤ ਕੌਰ, ਗੁਰਸੇਵਕ ਸਿੰਘ ਤੇ ਸਮੂਹ ਵਿਦਿਆਰਥੀ ਹਾਜ਼ਰ ਸਨ।

ਹਨੀ ਟਰੈਪ 'ਚ ਫਸਾ ਕੇ 50 ਹਜ਼ਾਰ ਰੁਪਏ ਲੁੱਟੇ, ਚਾਰ ਗ੍ਰਿਫ਼ਤਾਰ

ਬਠਿੰਡਾ (ਪਰਵਿੰਦਰ ਜੀਤ ਸਿੰਘ)-ਬਠਿੰਡਾ ਸਥਾਨਕ ਰੇਲਵੇ ਸਟੇਸ਼ਨ 'ਤੇ ਰੇਲਗੱਡੀ ਦਾ ਇੰਤਜ਼ਾਰ ਕਰ ਰਹੇ ਇੱਕ ਵਿਅਕਤੀ ਨੂੰ ਸਕੂਟਰੀ ਸਵਾਰ ਦੋ ਔਰਤਾਂ ਵੱਲੋਂ ਹਨੀ ਟਰੈਪ ਵਿੱਚ ਫਸਾ ਕੇ 50 ਹਜ਼ਾਰ ਰੁਪਏ ਲੁੱਟਣ ਦਾ ਮਾਮਲਾ ਸਾਹਮਣੇ ਆਇਆ ਹੈ।ਥਾਣਾ ਕੋਤਵਾਲੀ ਦੀ ਪੁਲਸ ਨੇ ਪੀੜਤ ਵਿਅਕਤੀ ਦੀ ਸ਼ਿਕਾਇਤ 'ਤੇ ਉਕਤ ਲੁਟੇਰਾ ਗਰੋਹ ਦਾ ਪਰਦਾਫਾਸ਼ ਕਰਦਿਆਂ ਇੱਕ ਔਰਤ ਸਮੇਤ ਚਾਰ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜਦਕਿ ਦੋ ਔਰਤਾਂ ਸਮੇਤ ਤਿੰਨ ਜਣਿਆਂ ਦੀ ਗ੍ਰਿਫ਼ਤਾਰੀ ਹੋਣੀ ਅਜੇ ਬਾਕੀ ਹੈ। ਪੁਲਸ ਵਿਭਾਗ ਵੱਲੋਂ ਮੁਹੱਈਆ ਕਰਵਾਈ ਗਈ ਜਾਣਕਾਰੀ ਅਨੁਸਾਰ ਰਾਜਸਥਾਨ ਦੇ ਵਸਨੀਕ ਵਿਅਕਤੀ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਲੰਘੀ 10 ਸਤੰਬਰ ਨੂੰ ਉਹ ਰੇਲਗੱਡੀ ਰਾਹੀਂ ਬਠਿੰਡਾ ਤੋਂ ਹਨੂਮਾਨਗੜ੍ਹ ਜਾ ਰਿਹਾ ਸੀ।ਸ਼ਿਕਾਇਤਕਰਤਾ ਅਨੁਸਾਰ ਗੱਡੀ ਚੱਲਣ ਵਿੱਚ ਅਜੇ ਦੋ ਘੰਟੇ ਦਾ ਸਮਾਂ ਬਾਕੀ ਪਿਆ ਸੀ, ਇਸ ਲਈ ਉਹ ਰੋਟੀ ਖਾਣ ਲਈ ਰੇਲਵੇ ਸਟੇਸ਼ਨ ਦੇ ਬਾਹਰ ਇੱਕ ਢਾਬੇ 'ਤੇ ਚਲਾ ਗਿਆ।ਪੀੜਤ ਵਿਅਕਤੀ ਨੇ ਦੱਸਿਆ ਕਿ ਜਦ ਉਹ ਰੋਟੀ ਖਾ ਕੇ ਬਾਹਰ ਆਇਆ ਤਾਂ ਸਕੂਟਰੀ ਸਵਾਰ ਦੋ ਔਰਤਾਂ ਉਸ ਨੂੰ ਮਿਲੀਆਂ ਤੇ ਬਹਾਨੇ ਨਾਲ ਉਸ ਨਾਲ ਗੱਲਬਾਤ ਕਰਨ ਲੱਗ ਪਈਆਂ।ਇਸ ਦੌਰਾਨ ਉਕਤ ਔਰਤਾਂ ਨੇ ਉਸ ਨੂੰ ਆਪਣੀਆਂ ਗੱਲਾਂ ਦੇ ਜਾਲ ਵਿੱਚ ਉਲਝਾ ਲਿਆ ਤੇ ਨਜ਼ਦੀਕ ਹੀ ਸਥਿਤ ਕਿਸੇ ਘਰ ਵਿੱਚ ਲੈ ਗਈਆਂ।ਪੀੜਤ ਅਨੁਸਾਰ ਉਕਤ ਘਰ ਵਿੱਚ ਪਹਿਲਾਂ ਤੋਂ ਹੀ ਦੋ ਔਰਤਾਂ ਸਮੇਤ ਚਾਰ ਜਣੇ ਮੌਜੂਦ ਸਨ।ਉਕਤ ਵਿਅਕਤੀਆਂ ਨੇ ਉਸ ਨੂੰ ਧਮਕੀਆਂ ਦੇ ਕੇ ਕੱਪੜੇ ਲੁਹਾ ਲਏ ਤੇ ਵੀਡੀਓ ਬਣਾ ਲਈ।ਪੀੜਤ ਅਨੁਸਾਰ ਇਸ ਤੋਂ ਬਾਅਦ ਮੁਲਜ਼ਮਾਂ ਨੇ ਵੀਡੀਓ ਵਾਇਰਲ ਕਰਨ ਦਾ ਡਰਾਵਾ ਦੇ ਕੇ ਉਸ ਕੋਲੋਂ 50 ਹਜ਼ਾਰ ਰੁਪਏ ਦੀ ਮੰਗ ਕੀਤੀ।ਜਦ ਉਸ ਨੇ ਆਪਣੇ ਕੋਲ ਇੰਨੀ ਰਕਮ ਹੋਣ ਤੋਂ ਇਨਕਾਰ ਕੀਤਾ ਤਾਂ ਉਕਤ ਵਿਅਕਤੀਆਂ ਨੇ ਉਸ ਦੇ ਮੋਬਾਇਲ ਨੰਬਰ ਤੋਂ ਅਪਣੇ ਮੋਬਾਈਲ ਨੰਬਰ 'ਤੇ ਪੇਟੀਐੱਮ ਰਾਹੀਂ 50 ਹਜ਼ਾਰ ਰੁਪਏ ਟ੍ਰਾਂਸਫਰ ਕਰਵਾ ਲਏ।ਪੀੜਤ ਨੇ ਦੱਸਿਆ ਕਿ ਇਸ ਦੌਰਾਨ ਉਕਤ ਵਿਅਕਤੀਆਂ ਨੇ ਉਸ ਦੇ ਆਧਾਰ ਕਾਰਡ ਦੀ ਇੱਕ ਫੋਟੋ ਸਟੇਟ ਕਾਪੀ 'ਤੇ ਦਸਤਖਤ ਕਰਵਾਏ ਤੇ ਐਕਟੀਵਾ 'ਤੇ ਬਿਠਾ ਕੇ ਸਥਾਨਕ ਪਰਸਰਾਮ ਨਗਰ ਵਿੱਚ ਛੱਡ ਗਏ।ਉਕਤ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਗੁਰਮੇਲ ਸਿੰਘ ਅਨੁਸਾਰ ਪੂਰੇ ਮਾਮਲੇ ਦੀ ਪੜਤਾਲ ਕਰਨ ਤੋਂ ਬਾਅਦ ਪਤਾ ਲੱਗਿਆ ਕਿ ਉਕਤ ਵਾਰਦਾਤ ਨੂੰ ਜਸਪ੍ਰੀਤ ਕੌਰ, ਉਸ ਦੇ ਪਤੀ ਹਰਸ਼ਤ ਕੁਮਾਰ ਵਾਸੀ ਰਾਮਪੁਰਾ ਫੂਲ, ਖੁਸ਼ਪ੍ਰੀਤ ਕੌਰ, ਨਿੰਮੀ ਤੇ ਪਿੰਡ ਤਿਓਣਾ ਦੇ ਵਸਨੀਕ ਜਗਸੀਰ ਸਿੰਘ, ਬਲਦੇਵ ਸਿੰਘ ਵਾਸੀ ਪਿੰਡ ਝੁੰਬਾ ਨੇ ਅੰਜਾਮ ਦਿੱਤਾ ਹੈ। ਜਿਸ 'ਤੇ ਕਥਿਤ ਦੋਸ਼ੀ ਹਰਸ਼ਤ ਕੁਮਾਰ, ਜਗਸੀਰ ਸਿੰਘ, ਬਲਦੇਵ ਸਿੰਘ ਤੇ ਜਸਪ੍ਰੀਤ ਕੌਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।ਬਾਕੀ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ।ਫੜੇ ਗਏ ਕਥਿਤ ਦੋਸ਼ੀਆਂ ਕੋਲੋਂ ਵਾਰਦਾਤ ਸਮੇਂ ਵਰਤੀ ਗਈ ਬਿਨਾਂ ਨੰਬਰੀ ਐਕਟਿਵਾ ਵੀ ਬਰਾਮਦ ਕੀਤੀ ਗਈ ਹੈ।

ਮੋਦੀ ਤੇ ਮਾਨ ਸਰਕਾਰ ਮਜ਼ਦੂਰਾਂ ਵਿਰੋਧੀ : ਛਾਜਲੀ

ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)

ਇੱਥੇ ਗੁਰਦੁਆਰਾ ਸੱਚਖੰਡ ਸਾਹਿਬ 'ਚ ਸੀ.ਪੀ.ਆਈ. (ਐੱਮ. ਐੱਲ.) ਲਿਬਰੇਸ਼ਨ ਪਾਰਟੀ ਦੀ ਮਜ਼ਬੂਤੀ ਲਈ ਜ਼ਿਲ੍ਹਾ ਕਮੇਟੀ ਦੀ ਅਹਿਮ ਮੁੱਦਿਆਂ 'ਤੇ ਮੀਟਿੰਗ ਹੋਈ।ਮੀਟਿੰਗ ਦੀ ਪ੍ਰਧਾਨਗੀ ਬੀਬੀ ਬਲਵੀਰ ਕੌਰ ਸੁਨਾਮ ਦੀ ਅਗਵਾਈ ਹੇਠ ਹੋਈ। ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਪਾਰਟੀ ਦੇ ਸੂਬਾਈ ਆਗੂ ਕਾਮਰੇਡ ਗੋਬਿੰਦ ਸਿੰਘ ਛਾਜਲੀ ਨੇ ਸ਼ਮੂਲੀਅਤ ਕੀਤੀ।ਮੀਟਿੰਗ ਦੌਰਾਨ ਵਿਚਾਰ ਵਟਾਂਦਰਾ ਕਰਦੇ ਹੋਏ ਪਾਰਟੀ ਦੇ ਸੱਦੇ 'ਤੇ ਜ਼ਿਲ੍ਹੇ ਵਿੱਚ ਸਿਆਸੀ ਕਾਨਫਰੰਸਾਂ, ਵਰਕਸ਼ਾਪ ਤੇ ਮਜ਼ਦੂਰਾਂ ਦੀਆਂ ਮੰਗਾਂ ਨੂੰ ਲੈ ਕੇ ਚਰਚਾ ਕੀਤੀ ਗਈ, ਜਿਸ

14-SEP-PAGE-11.qxd 9/13/2024 9:43 PM Page 1

ਰਾਜਪਾਲ ਗੁਲਾਬ ਚੰਦ ਕਟਾਰੀਆ ਗੁਰਦੁਆਰਾ ਸ੍ਰੀ ਬਾਉਲੀ ਸਾਹਿਬ ਵਿਖੇ ਹੋਏ ਨਤਮਸਤਕ

ਅੰਮ੍ਰਿਤਸਰ, ਸ੍ਰੀ ਗੋਇੰਦਵਾਲ ਸਾਹਿਬ (ਜਸਬੀਰ ਸਿੰਘ ਪੱਟੀ/ਕੰਵਲਜੀਤ ਸਿੰਘ/ਕਾਬਲ ਸਿੰਘ ਮੱਲ੍ਹੀ) ਸ੍ਰੀ ਗੁਰੂ ਰਾਮਦਾਸ ਜੀ ਦੇ ਗੁਰਿਆਈ ਦਿਵਸ ਅਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ-ਜੋਤ ਦਿਹਾੜੇ ਦੀ 450 ਸਾਲਾ ਸ਼ਤਾਬਦੀ ਦੇ ਸਬੰਧ ਵਿੱਚ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਚੱਲ ਰਹੇ ਸਮਾਗਮਾਂ ਦੌਰਾਨ ਅੱਜ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਗੁਰਦੁਆਰਾ ਸ੍ਰੀ ਬਾਉਲੀ ਸਾਹਿਬ ਵਿਖੇ ਨਤਮਸਤਕ ਹੋਏ। ਇਸ ਮੌਕੇ ਉਨ੍ਹਾਂ ਦੀ ਪਤਨੀ ਅਨੀਤਾ ਕਟਾਰੀਆ ਵੀ ਮੌਜੂਦ ਸਨ। ਕਟਾਰੀਆ ਨੇ ਗੁਰੂ ਘਰ ਵਿਖੇ ਮੱਥਾ ਟੇਕਿਆ ਅਤੇ ਕੜਾਹ ਪ੍ਰਸ਼ਾਦ ਦੀ ਦੇਗ ਕਰਵਾ ਕੇ ਸ਼ਰਧਾ ਪ੍ਰਗਟਾਈ। ਉਨ੍ਹਾਂ ਨੂੰ ਗੁਰਦੁਆਰਾ ਸਾਹਿਬ ਅੰਦਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੇ ਹੋਰ ਅਹੁਦੇਦਾਰਾਂ ਨੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਰਾਜਪਾਲ ਪੰਜਾਬ ਗੁਰਦੁਆਰਾ ਸ੍ਰੀ ਬਾਉਲੀ ਸਾਹਿਬ ਵਿਖੇ ਕਰੀਬ ਇੱਕ ਘੰਟਾ ਰੁਕੇ, ਜਿਸ ਦੌਰਾਨ ਉਹ ਲੰਗਰ ਘਰ ਵੀ ਗਏ। ਇਸੇ ਦੌਰਾਨ ਮੀਡੀਆ ਨੂੰ ਸੰਬੋਧਨ ਕਰਦਿਆਂ ਪੰਜਾਬ ਦੇ ਰਾਜਪਾਲ ਕਟਾਰੀਆ ਨੇ ਕਿਹਾ ਕਿ ਜੋ ਅੱਜ ਦੇਸ਼ ਦੀ ਧਰਮ ਸੰਸਕ੍ਰਿਤੀ, ਪਰੰਪਰਾਵਾਂ ਤੇ ਸੱਭਿਆਚਾਰ ਸੁਰੱਖਿਅਤ ਹੈ ਤਾਂ ਉਹ ਸਿੱਖ ਗੁਰੂ ਸਾਹਿਬਾਨ ਦੀ ਬਦੌਲਤ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੀ ਧਰਮ ਸੰਸਕ੍ਰਿਤੀ ਬਚਾਉਣ ਲਈ ਸਿੱਖ ਗੁਰੂ ਸਾਹਿਬਾਨ ਨੇ ਜੋ ਯੋਗਦਾਨ ਤੇ ਕੁਰਬਾਨੀ ਦਿੱਤੀ ਹੈ ਉਹ ਇਤਿਹਾਸ ਵਿੱਚ ਅਮਰ ਹੈ। ਉਨ੍ਹਾਂ ਸ੍ਰੀ ਗੋਇੰਦਵਾਲ ਸਾਹਿਬ ਦਾ ਖਾਸ ਤੌਰ 'ਤੇ ਜ਼ਿਕਰ ਕਰਦਿਆਂ ਕਿਹਾ ਕਿ ਇੱਥੇ ਗੁਰੂ ਸਾਹਿਬ ਨੇ ਇੱਕ ਪੰਗਤ ਤੇ ਇੱਕ ਸੰਗਤ ਦਾ ਇਤਿਹਾਸ ਦਿੱਤਾ ਜੋ ਮਨੁੱਖੀ ਬਰਾਬਰੀ ਦੀ ਵਿਲੱਖਣ ਉਦਾਹਰਨ ਹੈ, ਜਿੱਥੇ ਕਿਸੇ ਨਾਲ ਕੋਈ ਵਿਤਕਰਾ ਨਹੀਂ ਹੁੰਦਾ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦੀ ਮਹਾਨਤਾ ਏਨੀ ਵੱਡੀ ਸੀ ਕਿ ਇੱਥੇ ਆਏ ਅਕਬਰ ਬਾਦਸ਼ਾਹ ਨੇ ਵੀ ਪਹਿਲਾਂ ਪੰਗਤ ਵਿੱਚ ਬੈਠ ਕੇ ਪਰਸ਼ਾਦਾ ਛਕਿਆ ਸੀ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿੱਖ ਧਰਮ ਇਤਿਹਾਸ ਦੇ ਸ਼ਤਾਬਦੀ ਦਿਹਾੜੇ ਕੌਮ ਲਈ ਮਹੱਤਵਪੂਰਨ ਹਨ ਅਤੇ ਇਹ ਸਿੱਖੀ ਦੇ ਪ੍ਰਚਾਰ ਪ੍ਰਸਾਰ ਲਈ ਇੱਕ ਅਹਿਮ ਮੌਕਾ ਹਨ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਅਮਰਦਾਸ ਜੀ ਨਾਲ ਸਬੰਧਤ ਇਸ ਸ਼ਤਾਬਦੀ ਦੌਰਾਨ ਪੰਜਾਬ ਦੇ ਰਾਜਪਾਲ ਦਾ ਗੁਰੂ ਸਾਹਿਬ ਨੂੰ ਸ਼ਰਧਾ ਤੇ ਸਤਿਕਾਰ ਭੇਟ ਕਰਨ ਆਉਣਾ ਸਵਾਗਤਯੋਗ ਹੈ। ਇਸ ਸਮੇਂ ਮੌਜੂਦ ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੇ ਵੀ ਗੁਰੂ ਸਾਹਿਬ ਨੂੰ ਸ਼ਰਧਾ ਤੇ ਸਤਿਕਾਰ ਭੇਟ ਕਰਦਿਆਂ ਕੌਮ ਨੂੰ ਗੁਰੂ ਸਾਹਿਬਾਨ ਦੇ ਦਰਸਾਏ ਮਾਰਗ ਉੱਤੇ ਚੱਲਣ ਦੀ ਅਪੀਲ ਕੀਤੀ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਰਜਿੰਦਰ ਸਿੰਘ ਮਹਿਤਾ, ਸਾਬਕਾ ਪ੍ਰਧਾਨ ਅਲਵਿੰਦਰਪਾਲ ਸਿੰਘ ਪੱਖੋਕੇ, ਅੰਤ੍ਰਿੰਗ ਮੈਂਬਰ ਅਮਰਜੀਤ ਸਿੰਘ ਭਲਾਈਪੁਰ, ਮੈਂਬਰ ਗੁਰਬਚਨ ਸਿੰਘ ਕਰਮੂੰਵਾਲਾ, ਸੁਰਜੀਤ ਸਿੰਘ ਭਿੱਟੇਵੱਡ, ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਬਲਵਿੰਦਰ ਸਿੰਘ ਵੇਈਂਪੂਈਂ, ਗੁਰਮੀਤ ਸਿੰਘ ਬੂਹ, ਭਾਈ ਅਜਾਇਬ ਸਿੰਘ ਅਭਿਆਸੀ, ਬਾਬਾ ਕਸ਼ਮੀਰ ਸਿੰਘ ਭੂਰੀ ਵਾਲੇ, ਸੁਖਵਿੰਦਰ ਸਿੰਘ ਭੂਰੀ ਵਾਲੇ, ਬਾਬਾ ਅਵਤਾਰ ਸਿੰਘ ਧੱਤਲ, ਸਕੱਤਰ ਪ੍ਰਤਾਪ ਸਿੰਘ, ਸਕੱਤਰ ਧਰਮ ਪ੍ਰਚਾਰ ਕਮੇਟੀ ਬਲਵਿੰਦਰ ਸਿੰਘ ਕਾਹਲਵਾਂ, ਮੀਤ ਸਕੱਤਰ ਹਰਭਜਨ ਸਿੰਘ ਵਕਤਾ, ਤਰਨ ਤਾਰਨ ਦੇ ਡਿਪਟੀ ਕਮਿਸ਼ਨਰ ਸੰਦੀਪ ਕੁਮਾਰ, ਜ਼ਿਲ੍ਹਾ ਪੁਲਸ ਮੁਖੀ ਗੌਰਵ ਤੂਰਾ, ਇੰਚਾਰਜ ਸਤਨਾਮ ਸਿੰਘ ਰਿਆੜ, ਮੈਨੇਜਰ ਗੁਰਾ ਸਿੰਘ, ਹੈੱਡ ਗ੍ਰੰਥੀ ਗਿਆਨੀ ਗੁਰਮੁਖ ਸਿੰਘ, ਕੁਲਦੀਪ ਸਿੰਘ ਔਲਖ, ਪ੍ਰੇਮ ਸਿੰਘ ਆਦਿ ਹਾਜ਼ਰ ਸਨ।

ਸ਼ਮਸ਼ੇਰ ਸਿੰਘ ਨੇ ਵਰਕਰਾਂ ਸਣੇ ਗੁਰਦੁਆਰਾ ਟਾਹਲੀ ਸਾਹਿਬ ਵਿਖੇ ਮੱਥਾ ਟੇਕਿਆ

ਦੀਨਾਨਗਰ - ਬਲਵਿੰਦਰ ਸਿੰਘ ਬਿੱਲਾ)—ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਬਾਬਾ ਸ਼੍ਰੀ ਚੰਦ ਜੀ ਦੇ ਜਨਮ ਦਿਹਾੜੇ ਮੌਕੇ ਆਮ ਆਦਮੀ ਪਾਰਟੀ ਦੇ ਜਿਲ੍ਹਾ ਪ੍ਰਧਾਨ ਸ਼ਹਿਰੀ ਤੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਪਾਰਟੀ ਵਰਕਰਾਂ ਸਮੇਤ ਤਪ ਅਸਥਾਨ ਬਾਬਾ ਸ਼੍ਰੀ ਚੰਦ ਜੀ ਗੁਰਦੁਆਰਾ ਸ਼੍ਰੀ ਟਾਹਲੀ ਸਾਹਿਬ ਗਾਹਲੜੀ ਵਿਖੇ ਨਤਮਸਤਕ ਹੋਏ। ਇਸ ਮੌਕੇ ਹਲਕਾ ਡੀਐੱਸਪੀ ਸੁਰਿੰਦਰ ਸਿੰਘ ਵੀ ਉਨਾਂ ਦੇ ਨਾਲ ਸਨ। ਗੁਰਦੁਆਰਾ ਸਾਹਿਬ ਵਿਖੇ ਨਤਮਮਤਕ ਹੋਣ ਮਗਰੋਂ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਭਾਰਤ 'ਚ ਸਮੇਂ-ਸਮੇਂ 'ਤੇ ਰਿਸ਼ੀਆਂ-ਮੁਨੀਆਂ, ਗੁਰੂਆਂ-ਸੰਤਾਂ, ਪੀਰ-ਪੈਗੰਬਰਾਂ ਨੇ ਅਵਤਾਰ ਧਾਰ ਕੇ ਜਨ ਕਲਿਆਣ ਕੀਤਾ ਹੈ। ਕੁਰਾਹੇ ਪਈ ਲੋਕਾਈ ਨੂੰ ਸਿੱਧੇ ਰਾਹੇ ਪਾਇਆ ਹੈ ਤੇ ਵਹਿਮਾਂ-ਭਰਮਾਂ ਦਾ ਖੰਡਨ ਕਰ ਕੇ ਸਮਾਜ ਸੁਧਾਰ ਕੀਤਾ ਹੈ। ਇਤਿਹਾਸ ਵਾਚਿਆਂ ਪਤਾ ਲੱਗਦਾ ਹੈ ਕਿ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਭ ਤੋਂ ਸੱਚੇ ਤੇ ਸਿਧਾਂਤਾਂ 'ਤੇ ਚੱਲਣ ਵਾਲੇ ਅਨੁਯਾਈ ਉਨ੍ਹਾਂ ਦੇ ਵੱਡੇ ਸਾਹਿਬਜ਼ਾਦੇ ਬਾਬਾ ਸ੍ਰੀ ਚੰਦ ਜੀ ਸਨ। ਜਿਸ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਦਾਸੀਆਂ ਕਰ ਕੇ ਜਗਤ ਕਲਿਆਣ ਕੀਤਾ ਸੀ, ਉਸੇ ਤਰ੍ਹਾਂ ਹੀ ਬਾਬਾ ਸ੍ਰੀ ਚੰਦ ਜੀ ਨੇ ਵੀ ਉਦਾਸੀ ਰੂਪ ਵਿੱਚ ਜਗਤ ਕਲਿਆਣ ਨੂੰ ਪਹਿਲ ਦਿੱਤੀ ਸੀ।ਇਸ ਮੌਕੇ ਬਲਾਕ ਪ੍ਰਧਾਨ ਸੁਖਜਿੰਦਰ ਸਿੰਘ ਗਾਹਲੜੀ, ਬਲਾਕ ਪ੍ਰਧਾਨ ਰਣਜੀਤ ਸਿੰਘ, ਬਲਾਕ ਪ੍ਰਧਾਨ ਸੋਨੂੰ ਪਹਾੜੀਪੁਰ, ਐੱਸਪੀ ਸਿੰਘ ਮਗਰਮੂਧੀਆਂ, ਸਿਮਰਨਜੀਤ ਸਿੰਘ ਸ਼ੇਖਾ, ਅਜੇ ਕਾਦੀਆਲੀ, ਮੇਜਰ ਸਿੰਘ, ਮਲਕੀਤ ਸਿੰਘ ਬੰਮਣ, ਅਜੈਬ ਸਿੰਘ ਨੌਸ਼ਹਿਰਾ, ਸੁਲੱਖਣ ਸਿੰਘ ਧੂਤ ਅਤੇ ਵਿਕਾਸ ਦਬੂੜੀ ਸਣੇ ਹੋਰ ਕਈ ਵਰਕਰ ਮੌਜੂਦ ਸਨ।

ਕੇਜਰੀਵਾਲ ਦੀ ਰਿਹਾਈ ਇਸ ਗੱਲ ਦਾ ਪ੍ਰਮਾਣ ਹੈ ਕਿ ਸੱਚ ਕਦੇ ਮਰਦਾ ਨਹੀਂ : ਜਸਕਰਨ ਬੰਦੇਸ਼ਾ

ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਪੰਜਾਬ ਟਰੇਡਰਜ਼ ਕਮਿਸ਼ਨ ਦੇ ਸੂਬਾ ਸੰਵਿਧਾਨਕ ਮੈਂਬਰ ਤੇ ਪੰਜਾਬ ਬੁਲਾਰਾ ਆਮ ਆਦਮੀ ਪਾਰਟੀ ਜਸਕਰਨ ਬੰਦੇਸ਼ਾ ਨੇ ਦੇਸ਼ ਦੀ ਸਰਵ ਉੱਚ ਅਦਾਲਤ ਸੁਪਰੀਮ ਕੋਰਟ ਵਲੋਂ ਆਪ ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਜ਼ਮਾਨਤ ਤੇ ਰਿਹਾਅ ਕਰਨ ਦੇ ਫੈਸਲੇ ਦਾ ਆਮ ਆਦਮੀ ਪਾਰਟੀ ਦੀ ਪੰਜਾਬ ਇਕਾਈ ਵਲੋਂ ਸਵਾਗਤ ਕੀਤਾ ਅਤੇ ਕਿਹਾ ਕਿ ਕੇਜਰੀਵਾਲ ਦੀ ਜ਼ਮਾਨਤ 'ਤੇ ਰਿਹਾਈ ਦੇ ਫੈਸਲੇ ਨੇ ਪ੍ਰਤੱਖ ਪ੍ਰਮਾਣ ਦਿੱਤਾ ਹੈ ਕਿ ਸੱਚ ਕਦੇ ਮਰਦਾ ਨਹੀਂ ਅਤੇ ਕੇਂਦਰੀ ਮੋਦੀ ਸਰਕਾਰ ਤੇ ਭਾਜਪਾ ਦੀ ਤਾਨਾਸ਼ਾਹੀ ਤੇ ਬਦਲਾ ਲਊ ਭੱਦੀ ਰਾਜਨੀਤੀ ਤੇ ਨਿਆਂ, ਸੱਚਾਈ ਤੇ ਲੋਕਤੰਤਰ ਦੀ ਜਿੱਤ ਭਾਰੂ ਪੈਣ ਨਾਲ ਇਕੱਲੀ ਆਪ 'ਚ ਨਹੀਂ ਸਗੋਂ ਦੇਸ਼ ਭਰ ਦੀਆਂ ਲੋਕਤੰਤਰੀ ਤੇ ਨਿਆਂ ਪਸੰਦ ਰਾਜਸੀ ਤੇ ਜਨਤਕ ਸੰਗਠਨਾਂ 'ਚ ਖੁਸ਼ੀ ਦੀ ਲਹਿਰ ਦੌੜ ਗਈ ਹੈ।ਬੰਦੇਸ਼ਾ ਨੇ ਕਿਹਾ ਕਿ ਸੁਪ੍ਰੀਮ ਕੋਰਟ ਦੇ ਉੱਚ ਤਾਕਤੀ ਬੈਂਚ ਨੇ ਕੇਜਰੀਵਾਲ ਨੂੰ ਜ਼ਮਾਨਤ ਦੇਣ ਸਮੇਂ ਕੇਂਦਰੀ ਸਰਕਾਰ ਤੇ ਕੇਂਦਰੀ ਜਾਂਚ ਸੁਰੱਖਿਆ ਏਜੰਸੀਆਂ ਨੂੰ ਇੱਕ ਤਰ੍ਹਾਂ ਫਿਟਕਾਰ ਪਾਉਂਦਿਆਂ ਕਿਹਾ ਕਿ ਕੇਂਦਰੀ ਜਾਂਚ ਏਜੰਸੀਆਂ ਆਪਣੇ ਕੇਸਾਂ ਦੇ ਮਾਮਲੇ 'ਚ ਉਚਿਤ ਕਾਰਵਾਈ ਕਰਦਿਆਂ ਨਜ਼ਰ ਆਉਣੀਆਂ ਚਾਹੀਦੀਆਂ ਹਨ ਨਾ ਕਿ ਕੇਂਦਰ ਸਰਕਾਰ ਦੇ ਪਿੰਜਰੇ ਦਾ ਤੋਤਾ ਬਣਨ ।ਸੂਬਾ ਬੁਲਾਰੇ ਬੰਦੇਸ਼ਾ ਨੇ ਕੇਜਰੀਵਾਲ ਦੀ ਰਿਹਾਈ ਲਈ ਹੁਣ ਤੱਕ ਪ੍ਰਮਾਤਮਾ ਅੱਗੇ ਅਰਦਾਸਾਂ, ਦੁਆਵਾਂ ਕਰਦੇ ਆ ਰਹੇ ਅਤੇ ਕੇਂਦਰੀ ਸਰਕਾਰ ਵਲੋਂ ਕੇਜਰੀਵਾਲ ਨੂੰ ਨਜਾਇਜ਼ ਫਸਾਏ ਜਾਣ ਤੋਂ ਕੇਂਦਰੀ ਮੋਦੀ ਸਰਕਾਰ ਵਿਰੁੱਧ ਗੁੱਸੇ 'ਚ ਭਰੇ ਪੀਤੇ ਰੋਸ ਮੁਜ਼ਾਹਰੇ ਕਰਦੇ ਰਹੇ ਪੰਜਾਬ ਵਲੰਟੀਅਰਾਂ ਤੇ ਆਗੂਆਂ ਦਾ ਤਹਿ ਦਿਲੋਂ ਧੰਨਵਾਦ ਵੀ ਕੀਤਾ।

ਮਾਸਟਰ ਤੋਂ ਲੈਕਚਰਾਰ ਪ੍ਰਮੋਸ਼ਨ ਦੀ ਵੇਟਿੰਗ ਲਿਸਟ ਜਾਰੀ ਕਰਨ ਦੀ ਮੰਗ

ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)-ਸਿੱਖਿਆ ਵਿਭਾਗ ਵਿਚ ਮਾਸਟਰ ਕਾਡਰ ਤੋਂ ਵੱਖ-ਵੱਖ ਵਿਸ਼ਿਆਂ ਵਿਚ ਬਤੌਰ ਲੈਕਚਰਾਰ ਦੀਆਂ ਤਰੱਕੀਆ ਹੋਈਆਂ ਹਨ।ਇਨ੍ਹਾਂ ਤਰੱਕੀਆਂ ਵਿਚ ਇੱਕ ਅਧਿਆਪਕ ਦੀਆਂ ਦੋ ਜਾਂ ਤਿੰਨ ਵਿਸ਼ਿਆਂ ਵਿਚ ਪ੍ਰਮੋਸ਼ਨ ਹੋਈ ਹੈ ਜਿਸ ਕਰਕੇ ਕਈ ਪੋਸਟਾਂ ਖਾਲੀ ਰਹਿ ਜਾਣੀਆਂ ਹਨ।ਇਨ੍ਹਾਂ ਪੋਸਟਾਂ ਨੂੰ ਭਰਨ ਵਾਸਤੇ ਗੌਰਮਿੰਟ ਸਕੂਲ ਟੀਚਰ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਗੁਰਪ੍ਰੀਤ ਮਾੜੀਮੇਘਾ ਨੇ ਵਿਭਾਗ ਨੂੰ ਵੇਟਿੰਗਾ ਲਿਸਟ ਜਾਰੀ ਕਰਨ ਲਈ ਅਪੀਲ ਕੀਤੀ। ਉਨ੍ਹਾਂ ਕਿਹਾ ਹੈ ਤਾਂ ਕਿ ਵੱਖ-ਵੱਖ ਵਿਸ਼ਿਆਂ ਵਿਚ ਇੱਕ ਤੋਂ ਜ਼ਿਆਦਾ ਵਿਸ਼ਿਆ ਵਿਚ ਤਰਕੀ ਪ੍ਰਾਪਤ ਅਧਿਆਪਕਾਂ ਦੀ ਜੜ੍ਹ ਤੇ ਉਸ ਤੋਂ ਹੇਠਲੇ ਸੀਨੀਅਰ ਅਧਿਆਪਕ ਨੂੰ ਮੌਕਾ ਦਿੱਤਾ ਜਾ ਸਕੇ।ਇਸ ਮੌਕੇ ਅਧਿਆਪਕ ਬਲਜੀਤ ਸਿੰਘ ਟੌਮ, ਅੰਮ੍ਰਿਤਪਾਲ ਸਿੰਘ ਬਾਕੀਪੁਰ, ਰਵੀ ਅਲਾਦੀਨਪੁਰ, ਦਿਲਬਾਗ ਕੁਹਾੜਕਾ, ਗੁਲਬਾਗ ਸਿੰਘ ਡੀਪੀ, ਮਨਦੀਪ ਸਿੰਘ ਸੀਐੱਚਟੀ, ਚਰਨਜੀਤ ਸਿੰਘ ਭੋਜੀਆਂ ਆਦਿ ਹਾਜ਼ਰ ਸਨ।

ਐਮਾਜ਼ਾਨ ਵੱਲੋਂ '24 ਦੇ ਅੰਤ ਤੱਕ 13 ਬਿਲੀਅਨ ਡਾਲਰ ਤੋਂ ਵੱਧ ਦਾ ਨਿਰਯਾਤ ਹੋਇਆ

ਲੁਧਿਆਣਾ : ਐਮਾਜ਼ਾਨ ਨੇ ਅੱਜ ਐਕਸਪੋਰਟਸ ਡਾਈਜੈਸਟ 2024 ਦਾ ਉਦਘਾਟਨ ਕੀਤਾ ਅਤੇ ਐਲਾਨ ਕੀਤਾ ਕਿ 2024 ਦੇ ਅੰਤ ਤੱਕ ਹਜ਼ਾਰਾਂ ਭਾਰਤੀ ਕਾਰੋਬਾਰਾਂ ਨੂੰ ਭਾਰਤ ਤੋਂ 13 ਬਿਲੀਅਨ ਡਾਲਰ ਤੋਂ ਵੱਧ ਦਾ ਈ-ਕਾਮਰਸ ਨਿਰਯਾਤ ਕਰਨ ਵਿਚ ਮਦਦ ਕਰਨ ਦੀ ਦਿਸ਼ਾ ਵਿਚ ਅੱਗੇ ਵੱਧ ਰਹੀ ਹੈ। ਐਮਾਜ਼ਾਨ ਗਲੋਬਲ ਸੇਲਿੰਗ ਨੂੰ ਦੇਸ਼ ਭਰ ਵਿੱਚ ਸ਼ਾਨਦਾਰ ਢੰਗ ਨਾਲ ਅਪਣਾਇਆ ਜਾ ਰਿਹਾ ਹੈ ਅਤੇ ਇਸ ਵਿੱਚ 200 ਤੋਂ ਵੱਧ ਭਾਰਤੀ ਸ਼ਹਿਰਾਂ ਦੇ ਵਿਕਰੇਤਾ ਹਨ।ਮਾਣਯੋਗ ਕੇਂਦਰੀ ਰਾਜ ਮੰਤਰੀ (ਸੁਤੰਤਰ ਚਾਰਜ) ਹੁਨਰ ਵਿਕਾਸ ਅਤੇ ਉਦਮਤਾ ਅਤੇ ਸਿੱਖਿਆ ਰਾਜ ਮੰਤਰੀ ਜਯੰਤ ਚੌਧਰੀ ਦੇ ਅਨੁਸਾਰ ਸਾਡੇ ਦੇਸ਼ ਦੇ ਆਰਥਿਕ ਵਿਕਾਸ ਲਈ ਐੱਮਐੱਸਐੱਮਈ ਨਿਰਯਾਤ ਨੂੰ ਵਧਾਵਾ ਦੇਣਾ ਕਾਫੀ ਮਹੱਤਵਪੂਰਨ ਹੈ, ਅਤੇ ਈ-ਕਾਮਰਸ ਇਸ ਸਬੰਧ ਵਿੱਚ ਇੱਕ ਮਹੱਤਵਪੂਰਨ ਉਤਪ੍ਰੇਰਕ ਸਾਬਤ ਹੋ ਰਿਹਾ ਹੈ।

ਐੱਨ ਸੀ ਸੀ ਯੂਨਿਟ ਲੜਕੀਆਂ ਦਾ ਫਾਇਰਿੰਗ ਅਭਿਆਸ ਕੈਂਪ ਸਮਾਪਤ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਸਿੱਖ ਨੈਸ਼ਨਲ ਕਾਲਜ ਕਾਦੀਆਂ ਵਿਖੇ ਐੱਨਸੀਸੀ ਯੂਨਿਟ ਲੜਕੀਆਂ ਦਾ ਫਾਇਰਿੰਗ ਅਭਿਆਸ ਕੈਂਪ ਸਮਾਪਤ ਹੋ ਗਿਆ ਹੈ।ਇਹ ਫਾਇਰਿੰਗ ਅਭਿਆਸ ਕੈਂਪ 22 ਪੰਜਾਬ ਐੱਨਸੀਸੀ ਬਟਾਲੀਅਨ ਬਟਾਲਾ ਦੇ ਕਮਾਂਡਿੰਗ ਅਫ਼ਸਰ ਕਰਨਲ ਵਿਚਾਰ ਮਾਗੋ ਦੀ ਅਗਵਾਈ ਹੇਠ ਸਿੱਖ ਨੈਸ਼ਨਲ ਕਾਲਜ ਕਾਦੀਆਂ ਦੀ ਫਾਇਰਿੰਗ ਰੇਂਜ ਅੰਦਰ ਸ਼ੁਰੂ ਕੀਤਾ ਗਿਆ ਸੀ।ਇਸ ਕੈਂਪ ਦੌਰਾਨ ਨਵੇਂ ਚੁਣੇ ਐੱਨਸੀਸੀ ਕੈਡਿਟਸ (ਲੜਕੀਆਂ) ਨੂੰ ਸਿਖਲਾਈ ਦਿੱਤੀ ਗਈ। ਫਾਇਰਿੰਗ ਅਭਿਆਸ ਕੈਂਪ ਦੌਰਾਨ ਸੂਬੇਦਾਰ ਮੇਜਰ ਗੁਰਪ੍ਰੀਤ ਸਿੰਘ, ਸੂਬੇਦਾਰ ਅਵਤਾਰ ਸਿੰਘ, ਲੈਫ਼ਟੀਨੈਂਟ ਸਤਵਿੰਦਰ ਸਿੰਘ, ਡਬਲਿਊ ਐਲਟੀਓ ਕਿਰਨ, ਹਵਲਦਾਰ ਸਵਰਨ ਸਿੰਘ, ਹਵਲਦਾਰ ਹਾਕਮ ਸਿੰਘ, ਜੀ.ਆਈ. ਸੀ. ਦਾਮਨੀ ਸ਼ਰਮਾ ਹਵਲਦਾਰ ਦਵਿੰਦਰ ਸਿੰਘ ਆਦਿ ਫ਼ੌਜੀ ਅਧਿਕਾਰੀ ਹਾਜ਼ਰ ਸਨ।ਸਿਖਲਾਈ ਕੈਂਪ ਦੌਰਾਨ ਫਾਇਰਿੰਗ ਕਰਨ ਸਮੇਂ ਕੈਡਿਟਸ ਨੂੰ ਵਰਤੀਆਂ ਜਾਣ ਵਾਲੀਆਂ ਸਾਵਧਾਨੀਆਂ ਤੋਂ ਵੀ ਜਾਣੂ ਕਰਵਾਇਆ।ਕਾਲਜ ਪ੍ਰਿੰ. ਡਾ .ਹਰਪ੍ਰੀਤ ਸਿੰਘ ਹੁੰਦਲ ਨੇ ਕਿਹਾ ਕਿ ਲੜਕੀਆਂ ਲਈ ਸਵੈ-ਰੱਖਿਆ ਵਾਸਤੇ ਅਜਿਹੇ ਕੈਂਪ ਬਹੁਤ ਲਾਹੇਵੰਦ ਹਨ।

ਏਕਤਾ ਮੰਚ ਤੇ ਜੁਆਇੰਟ ਫੋਰਸ ਦੇ ਸੱਦੇ 'ਤੇ ਬਿਜਲੀ ਕਾਮਿਆਂ ਵੱਲੋਂ ਮੁਕੰਮਲ ਹੜਤਾਲ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਡੇਰਾ ਬਾਬਾ ਨਾਨਕ ਦੇ ਪਾਵਰ ਕਾਮ ਮੁਲਾਜ਼ਮਾਂ ਵੱਲੋਂ ਮੁਲਾਜ਼ਮ ਏਕਤਾ ਮੰਚ ਤੇ ਜੁਆਇੰਟ ਫੋਰਸ ਦੇ ਸੱਦੇ 'ਤੇ ਮੁਕੰਮਲ ਹੜਤਾਲ ਕੀਤੀ ਗਈ ।ਇਸ ਮੌਕੇ ਸੰਬੋਧਨ ਕਰਦਿਆਂ ਡੇਰਾ ਬਾਬਾ ਨਾਨਕ ਸਬ ਡਵੀਜ਼ਨ ਦੇ ਪ੍ਰਧਾਨ ਗੁਰਬਿੰਦਰ ਜੀਤ ਸਿੰਘ ਨੇ ਕਿਹਾ ਕਿ ਮੈਨੇਜਮੈਂਟ ਵੱਲੋਂ ਮੰਨੀਆ ਗਈਆਂ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਲਾਗੂ ਨਹੀ ਕੀਤਾ ਗਿਆ । ਜਿਵੇਂ ਕਿ ਟੈਕਨੀਕਲ ਸਟਾਫ ਦੀ ਘਾਟ ਨੂੰ ਪੂਰਾ ਕਰਨਾ, ਕਰੰਟ ਦੇ ਹਾਦਸੇ ਨਾਲ ਮਾਰੇ ਗਏ ਕਰਮਚਾਰੀਆਂ ਨੂੰ ਇੱਕ ਕਰੋੜ ਰੁਪਏ ਅਤੇ ਸ਼ਹੀਦ ਦਾ ਦਰਜਾ ਦੇਣਾ ਅਤੇ ਹੋਰ ਮੰਗਾਂ ਮੈਨੇਜਮੈਂਟ ਵੱਲੋਂ ਮੰਨੀਆਂ ਗਈਆਂ ਸਨ, ਪਰ ਉ

14-SEP-PAGE-12 qxd.qxd 9/13/2024 9:42 PM Page 1

ਕਨਵੈਨਸ਼ਨ ਤੇ ਐਗਜ਼ੈਕਟਿਵ ਮੀਟਿੰਗ 'ਚ ਪੰਜਾਬ ਇਸਤਰੀ ਸਭਾ ਨੇ ਸਰਗਰਮ ਭੂਮਿਕਾ ਨਿਭਾਈ

ਚੰਡੀਗੜ੍ਹ (ਨ ਜ਼ ਸ)- ਨੈਸ਼ਨਲ ਫੈਡਰੇਸ਼ਨ ਆਫ ਇੰਡੀਅਨ ਵੋਮੈਨ ਦੇ ਸੱਦੇ 'ਤੇ 12 ਸਤੰਬਰ ਨੂੰ ਦਿੱਲੀ ਵਿੱਚ ਕਨਸਟੀਟਿਊਸ਼ਨ ਕਲੱਬ ਵਿਖੇ ਮਹਿਲਾ ਰਾਖਵਾਂਕਰਨ ਦੇ ਵਿਸ਼ੇ 'ਤੇ ਇੱਕ ਕਨਵੈਨਸ਼ਨ ਕੀਤੀ ਗਈ। ਕਿਉਂਕਿ ਇਸੇ ਦਿਨ 1995 ਨੂੰ ਸਾਂਸਦ ਗੀਤਾ ਮੁਖਰਜੀ ਨੇ ਪਾਰਲੀਮੈਂਟ ਅਤੇ ਵਿਧਾਨ ਸਭਾਵਾਂ ਵਿੱਚ 33% ਸੀਟਾਂ ਔਰਤਾਂ ਲਈ ਰਾਖਵੀਆਂ ਕਰਨ ਦਾ ਬਿੱਲ ਪੇਸ਼ ਕੀਤਾ ਸੀ।ਪੰਜਾਬ ਇਸਤਰੀ ਸਭਾ ਲਗਾਤਾਰ ਨੈਸ਼ਨਲ ਫੈਡਰੇਸ਼ਨ ਆਫ ਇੰਡੀਅਨ ਵੋਮੈਨ ਦੇ ਸੱਦੇ 'ਤੇ ਮਹਿਲਾ ਰਾਖਵਾਂਕਰਨ ਸਬੰਧੀ ਹਰ ਪ੍ਰੋਗਰਾਮ ਵਿੱਚ ਵਧ ਚੜ੍ਹ ਕੇ ਹਿੱਸਾ ਲੈਂਦੀ ਆ ਰਹੀ। ਇਸ ਵਾਰ ਇਹ ਪ੍ਰੋਗਰਾਮ ਨੈਸ਼ਨਲ ਲੈਵਲ 'ਤੇ ਕਨਵੈਨਸ਼ਨ ਕਰਕੇ ਕੀਤਾ ਗਿਆ ਕਿਉਂਕਿ ਜਿਹੜਾ ਐਕਟ ਮੋਦੀ ਸਰਕਾਰ ਨੇ ਪਾਸ ਕੀਤਾ ਹੈ ਉਸ ਦਾ ਨਾਮ ਨਾਰੀ ਸ਼ਕਤੀ ਵੰਦਨ ਅਧੀਨਿਯਮ ਰੱਖਿਆ ਹੈ ਜੋ ਲਗਦਾ ਹੈ ਜਿਵੇਂ ਕਿ ਸਿਰਫ ਔਰਤ ਦੀ ਪੂਜਾ ਕਰਨ ਦੀ ਗੱਲ ਹੀ ਕਰਦਾ ਹੋਵੇ। ਨੈਸ਼ਨਲ ਫੈਡਰੇਸ਼ਨ ਆਫ ਇੰਡੀਅਨ ਵੋਮੈਨ ਇਸ ਨਾਲ ਸਹਿਮਤ ਨਹੀਂ ਹੈ। ਇਸ ਕਰਕੇ ਕਨਵੈਂਸ਼ਨ ਵਿੱਚ ਇਹ ਮੁੱਦਾ ਵੱਡੇ ਪੱਧਰ 'ਤੇ ਵਿਚਾਰਿਆ ਗਿਆ।ਖੁਸ਼ੀ ਦੀ ਗੱਲ ਹੈ ਕਿ ਇਸ ਕਨਵੈਨਸ਼ਨ ਵਿੱਚ ਹਮੇਸ਼ਾ ਵਾਂਗ ਸਭ ਤੋਂ ਵੱਡਾ ਜਥਾ ਪੰਜਾਬ ਦਾ ਸੀ। ਲਗਭਗ 35 ਮੈਂਬਰ ਪੰਜਾਬ ਤੋਂ ਸ਼ਾਮਿਲ ਹੋਏ। ਜਿਸ ਵਿੱਚ ਸਭ ਤੋਂ ਵੱਡਾ ਜਥਾ ਫਾਜ਼ਿਲਕਾ ਤੋਂ ਸੀ, ਜਿਸ ਵਾਸਤੇ ਹਰਜੀਤ ਢੰਡੀਆਂ ਨੇ ਬਹੁਤ ਮਿਹਨਤ ਕੀਤੀ ਸੀ। ਸਾਰੇ ਸੂਬੇ ਦੀ ਲੀਡਰਸ਼ਿਪ ਰਜਿੰਦਰਪਾਲ ਕੌਰ, ਰੂਪਿੰਦਰ ਮਾੜੀਮੇਘਾ, ਸੀਮਾ ਸੋਹਲ, ਸੁਮਿਤਰਾ ਫਾਜ਼ਲਿਕਾ, ਜੋਗਿੰਦਰ ਜਲਾਲਾਬਾਦ, ਮਨਜੀਤ ਕੌਰ, ਅੰਮ੍ਰਿਤਪਾਲ ਜੋਗਾ, ਪ੍ਰੇਮ ਲਤਾ ਮਲੋਟ, ਪਰਵੀਨ, ਸੁਖਚੈਨ ਕੌਰ, ਦਵਿੰਦਰ ਸੋਹਲ ਆਦਿ ਸ਼ਾਮਿਲ ਸਨ। ਕਨਵੈਨਸ਼ਨ ਵਿੱਚ ਜਿੱਥੇ ਰਾਖਵਾਂਕਰਨ ਕਾਨੂੰਨ ਦਾ ਨਾਮ ਬਦਲਣ ਦੀ ਮੰਗ ਕੀਤੀ ਗਈ, ਉੱਥੇ ਲਾਗੂ ਕਰਨ ਲਈ ਲਗਾਈਆਂ ਸ਼ਰਤਾਂ ਵੀ ਖਤਮ ਕਰਨ ਦੀ ਮੰਗ ਕੀਤੀ ਗਈ।13 ਸਤੰਬਰ ਨੂੰ ਨੈਸ਼ਨਲ ਐਗਜ਼ੈਕਟਿਵ ਦੀ ਮੀਟਿੰਗ ਸੁਸ਼ੀਲਾ ਸਹਾਇ ਦੀ ਪ੍ਰਧਾਨਗੀ ਹੇਠ ਹੋਈ। ਜਨਰਲ ਸਕੱਤਰ ਐਨੀ ਰਾਜਾ ਨੇ ਕਾਰਵਾਈ ਚਲਾਈ। ਪੰਜਾਬ ਵੱਲੋਂ ਨੈਸ਼ਨਲ ਮੀਤ ਪ੍ਰਧਾਨ ਰਜਿੰਦਰ ਪਾਲ ਕੌਰ ਨੇ ਹਿੱਸਾ ਲਿਆ। ਮੀਟਿੰਗ ਵਿੱਚ ਜਥੇਬੰਦੀ ਨੂੰ ਵਧਾਉਣ ਅਤੇ ਜ਼ਿਆਦਾ ਸੁਚਾਰੂ ਢੰਗ ਨਾਲ ਚਲਾਉਣ 'ਤੇ ਵਿਚਾਰ ਚਰਚਾ ਕੀਤੀ ਗਈ। 22 ਤੋਂ 24 ਨਵੰਬਰ ਤੱਕ ਦਿੱਲੀ ਵਿੱਚ ਹੋਣ ਵਾਲੀ ਨੈਸ਼ਨਲ ਕਾਨਫਰੰਸ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਸਾਰੇ ਰਾਜਾਂ ਨੂੰ ਤਿਆਰੀ ਦਾ ਸੱਦਾ ਦਿੱਤਾ ਗਿਆ।

ਟੁੱਟੀ ਸੜਕ ਦਾ ਕੰਮ ਜਲਦੀ ਹੋਵੇਗਾ ਸ਼ੁਰੂ : ਮਨਵੀਰ ਸਿੰਘ

ਭਲਾਣ (ਹਰਭਜਨ ਢਿੱਲੋਂ) -ਜਵਾਹਰ ਮਾਰਕੀਟ ਵਿਖੇ ਪੁਰਾਣੀ ਚੁੰਗੀ ਲਾਗਿਓ ਗੁਜਰਦੀ ਸੜਕ ਬਾਰੇ ਮਨਵੀਰ ਸਿੰਘ ਕਾਰਜ ਸਾਧਕ ਅਫਸਰ ਨੇ ਦੱਸਿਆ ਕਿ ਇਸ ਸੜਕ ਤੇ ਸੋਮਵਾਰ ਤੋ ਪੇਵਰ ਲਗਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ ਅਤੇ ਇਲਾਕਾ ਵਾਸੀਆਂ ਨੂੰ ਕਿਸੇ ਵੀ ਤਰਾਂ ਦੀ ਕੋਈ ਵੀ ਪ੍ਰੇਸ਼ਾਨੀ ਨਹੀ ਆਉਣ ਦਿੱਤੀ ਜਾਵੇਗੀ। ਉਨ੍ਹਾਂ ਨੇ ਦੱਸਿਆ ਕਿ ਸ਼ਹਿਰ ਵਿਚ ਵਿਕਾਸ ਦੇ ਕੰਮ ਚੱਲ ਰਹੇ ਹਨ, ਪੰਜਾਬ ਸਰਕਾਰ ਵੱਲੋਂ ਨੰਗਲ ਸ਼ਹਿਰ ਦੀ ਨੁਹਾਰ ਬਦਲਣ ਲਈ ਯੋਜਨਾਬੱਧ ਢੰਗ ਨਾਲ ਵਿਕਾਸ ਕਰਵਾਇਆ ਜਾ ਰਿਹਾ ਹੈ।

ਹਰਜੋਤ ਬੈਂਸ ਕੈਬਨਿਟ ਮੰਤਰੀ ਆਪਣੇ ਹਲਕੇ ਦੇ ਪ੍ਰਮੁੱਖ ਸ਼ਹਿਰ ਨੰਗਲ ਦੇ ਵਿਕਾਸ ਲਈ ਪੂਰੀ ਤਰਾਂ ਵਚਨਬੱਧ ਹਨ। ਉਨ੍ਹਾਂ ਨੇ ਕਿਹਾ ਕਿ ਜਿਹੜੀਆਂ ਸੜਕਾਂ, ਗਲੀਆਂ, ਨਾਲੀਆਂ, ਸੀਵਰੇਜ, ਜਲ ਸਪਲਾਈ, ਪੇਵਰ ਆਦਿ ਦੀ ਸਮੱਸਿਆ ਲੋਕਾਂ ਵੱਲੋਂ ਪ੍ਰਸਾਸ਼ਨ ਦੇ ਧਿਆਨ ਵਿਚ ਲਿਆਂਦੀ ਜਾ ਰਹੀ ਹੈ, ਉਹ ਸਾਰੀਆ ਮੁਸ਼ਕਿਲਾਂ ਹੱਲ ਕਰਨਾ ਸਾਡੀ ਜਿੰਮੇਵਾਰੀ ਹੈ ਅਤੇ ਪ੍ਰਮੁੱਖਤਾ ਤੇ ਇਹ ਸਮੱਸਿਆ ਹੱਲ ਹੋਵੇਗੀ।

ਕਾਰਜ ਸਾਧਕ ਅਫਸਰ ਨੇ ਦੱਸਿਆ ਜਵਾਹਰ ਮਾਰਕੀਟ ਵਿਖੇ ਪੁਰਾਣੀ ਚੁੰਗੀ ਲਾਗਿਓ ਗੁਜਰਦੀ ਸੜਕ ਦੀ ਖਸਤਾ ਹਾਲਤ ਬਾਰੇ ਸ਼ਿਕਾਇਤਾ ਮਿਲਿਆ ਹਨ, ਇਸ ਸੜਕ ਨੂੰ ਜਲਦੀ ਮੁਰੰਮਤ ਕੀਤਾ ਜਾਵੇਗਾ ਅਤੇ ਸੜਕ ਤੇ ਗੰਦਾ ਪਾਣੀ ਨਹੀ ਖੜਾ ਹੋਵੇਗਾ।

ਨਡਾਲੋਂ ਤੋਂ ਲੰਗਰਾਂ ਦੀ ਰਸਦ ਰਵਾਨਾ

ਮੇਹਟੀਆਣਾ(ਜਗਤਾਰ ਸਿੰਘ ਭੁੰਗਰਨੀ)-ਸੰਤ ਬਾਬਾ ਨਰਿੰਦਰ ਸਿੰਘ-ਸੰਤ ਬਾਬਾ ਬਲਵਿੰਦਰ ਸਿੰਘ ਸੰਪਰਦਾਇ ਕਾਰ ਸੇਵਾ ਗੁਰਦੁਆਰਾ ਲੰਗਰ ਸਾਹਿਬ ਸ੍ਰੀ ਹਜ਼ੂਰ ਸਾਹਿਬ ਵਾਲਿਆਂ ਦੀ ਸੁਚੱਜੀ ਦੇਖ-ਰੇਖ ਹੇਠ ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ-ਜੋਤਿ ਪੁਰਬ ਅਤੇ ਸ੍ਰੀ ਗੁਰੂ ਰਾਮਦਾਸ ਜੀ ਦੇ ਗੁਰਤਾ ਗੱਦੀ ਦਿਵਸ ਦੇ 450 ਸਾਲਾ ਸ਼ਤਾਬਦੀ ਸਮਾਗਮਾਂ 'ਤੇ ਗੁਰਦੁਆਰਾ ਬਉਲੀ ਸਾਹਿਬ ਗੋਇੰਦਵਾਲ ਸਾਹਿਬ ਵਿਖੇ 13 ਸਤੰਬਰ ਤੋਂ 19 ਸਤੰਬਰ ਤੱਕ ਲਗਾਏ ਜਾ ਰਹੇ ਲੰਗਰਾਂ ਸਬੰਧੀ ਇਲਾਕੇ ਦੇ ਵੱਖ-ਵੱਖ ਪਿੰਡਾਂ ਤੋਂ ਇਕੱਤਰ ਕੀਤੀ ਰਸਦ ਜਥੇਦਾਰ ਬਾਬਾ ਗੁਰਮੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਗੁਰਦੁਆਰਾ ਜਨਮ ਅਸਥਾਨ ਸੰਤ ਬਾਬਾ ਨਿਧਾਨ ਸਿੰਘ ਜੀ ਪਿੰਡ ਨਡਾਲੋਂ ਤੋਂ ਅੱਜ ਟਰੱਕ ਰਾਹੀਂ ਗੋਇੰਦਵਾਲ ਸਾਹਿਬ ਨੂੰ ਰਵਾਨਾ ਕੀਤੀ ਗਈ। ਇਸ ਮੌਕੇ ਰਸਦ ਦਾ ਟਰੱਕ ਰਵਾਨਾ ਜਥੇਦਾਰ ਜਸਬੀਰ ਸਿੰਘ ਭੱਟੀ, ਭਾਈ ਲਵਨੀਨ ਸਿੰਘ ਨਰੂੜ, ਅਮਰਜੀਤ ਸਿੰਘ ਰਾਜਾ ਜਾਂਗਲੀਆਣਾ ਤੇ ਬਾਬਾ ਜਰਨੈਲ ਸਿੰਘ ਨਡਾਲੋਂ ਨੇ ਕੀਤਾ। ਇਸ ਮੌਕੇ ਅਕਾਸ਼ਦੀਪ ਸਿੰਘ ਬਾਸਰਕੇ, ਮਨਜੀਤ ਸਿੰਘ ਰਣਧੀਰਗੜ੍ਹ, ਲਖਵਿੰਦਰ ਸਿੰਘ ਬਿੰਦਾ ਨਡਾਲੋਂ, ਜੱਸੂ ਪੰਜੋੜਾ, ਧਰਮਿੰਦਰ ਸਿੰਘ ਸੋਨੂੰ ਨਡਾਲੋਂ, ਬਲਜਿੰਦਰ ਸਿੰਘ ਪੰਜੋੜਾ, ਮਨੋਹਰ ਸਿੰਘ ਡਰੋਲੀ, ਕਿਰਪਾਲ ਸਿੰਘ ਅਜਨੋਹਾ, ਕੁਲਦੀਪ ਸਿੰਘ ਅਜਨੋਹਾ, ਗੁਰਵਿੰਦਰ ਸਿੰਘ ਬਿੱਕੀ ਪਾਂਸ਼ਟਾ, ਚਰਨਜੀਤ ਸਿੰਘ ਪੰਜੋੜ, ਕਮਲਜੀਤ ਸਿੰਘ ਪੰਜੋੜ, ਤਰਲੋਚਨ ਸਿੰਘ ਟੋਡਰਪੁਰ, ਸੁੱਖਵਿੰਦਰ ਸਿੰਘ ਲੱਡੂ ਟੋਡਰਪੁਰ, ਬਲਬੀਰ ਸਿੰਘ ਨਡਾਲੋਂ, ਕਿਸ਼ਨ ਸਿੰਘ ਲਾਂਗਰੀ, ਤਰਲੋਚਨ ਸਿੰਘ ਨਡਾਲੋਂ, ਦੀਦਾਰ ਸਿੰਘ ਅਜਨੋਹਾ, ਸ਼ਮਸ਼ੇਰ ਸਿੰਘ, ਪ੍ਰਭਦੀਪ ਸਿੰਘ ਪੰਜੋੜ ਆਦਿ ਹਾਜ਼ਰ ਸਨ।

ਬਿਲੀਵਰਜ਼ ਈਸਟਰਨ ਚਰਚ ਨੇ ਫ੍ਰੀ ਮੈਡੀਕਲ ਕੈਂਪ ਲਗਾਇਆ

ਭੁਲੱਥ, (ਮਨਪ੍ਰੀਤ ਸਿੰਘ)-ਸਬ ਡਵੀਜ਼ਨ ਕਸਬਾ ਭੁਲੱਥ ਤੋਂ ਥੋੜ੍ਹੀ ਦੂਰੀ 'ਤੇ ਪੈਂਦੇ ਪਿੰਡ ਬਾਗੜੀਆਂ ਵਿਖੇ ਬਿਲੀਵਰਜ਼ ਈਸਟਰਨ ਚਰਚ ਵੱਲੋਂ ਫਾਦਰ ਸੁਖਵਿੰਦਰ ਬਾਗੜੀਆਂ ਦੀ ਅਗਵਾਈ 'ਚ ਫਰੀ ਮੈਡੀਕਲ ਕੈਂਪ ਲਗਾਇਆ ਗਿਆ । ਕੈਂਪ ਦੌਰਾਨ ਹਰੇ ਕ੍ਰਿਸ਼ਨਾ ਹਸਪਤਾਲ ਬੇਗੋਵਾਲ ਦੀ ਟੀਮ ਵੱਲੋਂ ਮਰੀਜ਼ਾਂ ਦਾ ਚੈੱਕਅਪ ਕੀਤਾ ਗਿਆ। ਫਾਦਰ ਸੁਖਵਿੰਦਰ ਬਾਗੜੀਆਂ ਨੇ ਦੱਸਿਆ ਕਿ ਮਰੀਜ਼ਾਂ ਦਾ ਬੀ.ਪੀ, ਸ਼ੂਗਰ, ਹੱਡੀਆਂ ਤੇ ਅੱਖਾਂ ਦਾ ਟੈਸਟ ਕੀਤਾ ਗਿਆ ।ਉਹਨਾਂ ਦੱਸਿਆ ਕਿ ਕੈਂਪ ਦੌਰਾਨ ਮਰੀਜ਼ਾਂ ਨੂੰ ਫਰੀ ਦਵਾਈਆਂ ਅਤੇ ਫਰੀ ਐਨਕਾਂ ਵੀ ਦਿੱਤੀਆਂ ਗਈਆਂ। ਇਸ ਮੌਕੇ ਫਾਦਰ ਸੁਖਵਿੰਦਰ ਸਿੰਘ ਵੱਲੋਂ ਆਏ ਹੋਏ ਪਤਵੰਤਿਆਂ ਦਾ ਸਨਮਾਨ ਵੀ ਕੀਤਾ ਗਿਆ । ਕੈਂਪ ਦੀ ਸ਼ੁਰੂਆਤ ਬਲਵਿੰਦਰ ਸਿੰਘ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਰੀਬਨ ਕੱਟ ਕੇ ਕੀਤੀ ਗਈ । ਕੈਂਪ ਦੀ ਸਮਾਪਤੀ ਦੌਰਾਨ ਬਲਵਿੰਦਰ ਸਿੰਘ ਕਾਲਾ ਬਾਗੜੀਆਂ ਕਬੱਡੀ ਪ੍ਰਮੋਟਰ ਵੱਲੋਂ ਹਰੇ ਕ੍ਰਿਸ਼ਨਾ ਹਸਪਤਾਲ ਬੇਗੋਵਾਲ ਦੀ ਟੀਮ ਨੂੰ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਸੁਖਵਿੰਦਰ ਬਾਗੜੀਆਂ ਨੇ ਦੱਸਿਆ ਕਿ ਕੈਂਪ ਦੌਰਾਨ ਕਰੀਬ 250 ਮਰੀਜ਼ਾਂ ਦਾ ਚੈੱਕਅਪ ਕੀਤਾ ਗਿਆ। ਇਸ ਮੌਕੇ ਮਨਿੰਦਰ ਸਿੰਘ ਸਾਬਕਾ ਸਰਪੰਚ ਬਾਗੜੀਆਂ, ਅਜੀਤ ਸਿੰਘ ਨੰਬਰਦਾਰ, ਓਂਕਾਰ ਸਿੰਘ ਨੰਬਰਦਾਰ, ਸਰਵਨ ਸਿੰਘ ਮੱਲ੍ਹੀ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ, ਬਲਵਿੰਦਰ ਸਿੰਘ ਸਰਪੰਚ ਪਿੰਡ ਬਜਾਜ, ਬਲਵਿੰਦਰ ਸਿੰਘ ਢੰਡੀਸਾ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ, ਅਜੀਤ ਸਿੰਘ ਘੁੰਮਣ, ਜਰਨੈਲ ਸਿੰਘ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ, ਸੰਜੀਵ ਕੁਮਾਰ ਰਾਜਪੁਰ, ਕਰਮਜੀਤ ਸਿੰਘ ਓਠੀ, ਜਸਵੀਰ ਸਿੰਘ ਬਾਗੜੀਆਂ ਤੇ ਹੋਰ ਹਾਜ਼ਰ ਸਨ।

ਪ੍ਰਾਇਮਰੀ ਸਕੂਲਾਂ ਦੇ ਸ਼ਾਮਚੁਰਾਸੀ ਸੈਂਟਰ ਪੱਧਰੀ ਖੇਡ ਮੁਕਾਬਲੇ ਸੰਪੰਨ

ਹੁਸ਼ਿਆਰਪੁਰ, (ਬਲਬੀਰ ਸਿੰਘ ਸੈਣੀ)-ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵੱਲ ਉਤਸ਼ਾਹਿਤ ਕਰਨ ਦੇ ਮੰਤਵ ਨਾਲ ਪ੍ਰਾਇਮਰੀ ਸਕੂਲਾਂ ਦੇ ਸੈਂਟਰ ਪੱਧਰੀ ਖੇਡ ਮੁਕਾਬਲੇ ਸਫ਼ਲਤਾਪੂਰਵਕ ਕਰਵਾਏ ਗਏ। ਇਸ ਸਮਾਗਮ ਵਿੱਚ ਇਲਾਕੇ ਦੇ ਕਈ ਪ੍ਰਾਇਮਰੀ ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ ਅਤੇ ਆਪਣੀ ਖੇਡ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। ਸ਼ਾਮਚਰਾਸੀ ਦੇ ਸਕੂਲ ਦੇ ਮੈਦਾਨ ਵਿੱਚ ਖੇਡ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਵਿਦਿਆਰਥੀਆਂ ਨੇ ਆਪਣੀ ਸਰੀਰਕ ਅਤੇ ਮਾਨਸਿਕ ਸਮਰੱਥਾ ਦਾ ਪ੍ਰਦਰਸ਼ਨ ਕਰਦਿਆਂ ਵੱਖ-ਵੱਖ ਖੇਡਾਂ ਵਿੱਚ ਭਾਗ ਲਿਆ ਅਤੇ ਇਸ ਮੌਕੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੁਖਵਿੰਦਰ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕੀਤੀ। ਉਨ੍ਹਾਂ ਕਿਹਾ ਕਿ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵੀ ਸ਼ਖ਼ਸੀਅਤ ਵਿਕਾਸ ਦਾ ਅਹਿਮ ਹਿੱਸਾ ਹਨ, ਜਿਸ ਨਾਲ ਬੱਚਿਆਂ ਵਿੱਚ ਅਨੁਸ਼ਾਸਨ, ਲਗਨ ਅਤੇ ਟੀਮ ਵਰਕ ਦੀ ਭਾਵਨਾ ਪੈਦਾ ਹੁੰਦੀ ਹੈ।ਇਸ ਸੈਂਟਰ ਪੱਧਰੀ ਮੁਕਾਬਲੇ ਵਿੱਚ ਵੱਖ-ਵੱਖ ਖੇਡਾਂ ਕਰਵਾਈਆਂ ਗਈਆਂ, ਜਿਨ੍ਹਾਂ ਵਿੱਚ ਦੌੜ, ਕਬੱਡੀ, ਖੋ-ਖੋ, ਲੰਬੀ ਛਾਲ, ਉੱਚੀ ਛਾਲ, ਰੱਸਾਕਸ਼ੀ ਅਤੇ ਬੈਡਮਿੰਟਨ ਸ਼ਾਮਲ ਸਨ। ਇਨ੍ਹਾਂ ਖੇਡਾਂ ਵਿੱਚ ਲੜਕੇ ਅਤੇ ਲੜਕੀਆਂ ਦੋਵਾਂ ਵਰਗਾਂ ਦੇ ਖਿਡਾਰੀਆਂ ਨੇ ਭਾਗ ਲਿਆ। ਉਦਘਾਟਨੀ ਸੈਸ਼ਨ ਵਿੱਚ ਇਲਾਕੇ ਦੇ ਉੱਘੇ ਅਧਿਆਪਕ ਅਤੇ ਸਕੂਲਾਂ ਦੇ ਪ੍ਰਿੰਸੀਪਲ ਹਾਜ਼ਰ ਸਨ। ਉਦਘਾਟਨੀ ਸਮਾਰੋਹ ਵਿੱਚ ਵਿਦਿਆਰਥੀਆਂ ਨੇ ਪਰੇਡ ਕਰਕੇ ਖੇਡਾਂ ਦੀ ਸ਼ੁਰੂਆਤ ਕੀਤੀ, ਜਿਸ ਵਿੱਚ ਉਨ੍ਹਾਂ ਦਾ ਅਨੁਸ਼ਾਸਨ ਅਤੇ ਉਤਸ਼ਾਹ ਦੇਖਣ ਨੂੰ ਮਿਲਿਆ। ਖੇਡਾਂ ਵਿੱਚ ਵਧੀਆ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੁਖਵਿੰਦਰ ਸਿੰਘ ਨੇ ਬੱਚਿਆਂ ਅਤੇ ਅਧਿਆਪਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਜਿਹੇ ਖੇਡ ਮੁਕਾਬਲਿਆਂ ਦਾ ਮੁੱਖ ਮੰਤਵ ਬੱਚਿਆਂ ਵਿੱਚ ਖੇਡ ਭਾਵਨਾ ਪੈਦਾ ਕਰਨਾ ਹੈ।ਉਨ੍ਹਾਂ ਕਿਹਾ ਕਿ ਸਾਡੇ ਸਕੂਲਾਂ ਵਿੱਚ ਪੜ੍ਹਾਈ ਦੇ ਨਾਲ-ਨਾਲ ਖੇਡਾਂ ਨੂੰ ਵੀ ਅਹਿਮੀਅਤ ਦਿੱਤੀ ਜਾ ਰਹੀ ਹੈ। ਸਰਕਾਰ ਅਤੇ ਸਿੱਖਿਆ ਵਿਭਾਗ ਦੀ ਇਹ ਕੋਸ਼ਿਸ਼ ਹੈ ਕਿ ਬੱਚਿਆਂ ਨੂੰ ਸਰਵਪੱਖੀ ਵਿਕਾਸ ਦੇ ਮੌਕੇ ਮਿਲ ਸਕਣ। ਉਨ੍ਹਾਂ ਖੇਡਾਂ ਵਿੱਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ ਅਤੇ ਉਨ੍ਹਾਂ ਨੂੰ ਰਾਜ ਅਤੇ ਰਾਸ਼ਟਰੀ ਪੱਧਰ 'ਤੇ ਵੀ ਭਾਗ ਲੈਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਰਾਜ ਕੁਮਾਰ ਬੀ.ਪੀ.ਈ.ਓ., ਓਮਕਾਰ ਸਿੰਘ ਸੂਸ ਬੀ.ਐਨ.ਓ., ਠਾਕੁਰ ਗੋਬਿੰਦ ਸਿੰਘ, ਪੰਡਿਤ ਅਨੂਪ ਕੁਮਾਰ ਸ਼ਰਮਾ, ਮਹਿੰਦਰਪਾਲ ਸਿੰਘ ਸ਼ਾਹੀ, ਪ੍ਰਧਾਨ ਨਿਰਮਲ ਕੁਮਾਰ, ਇੰਦਰਪਾਲ ਸਿੰਘ ਸੁਖਵਿੰਦਰ ਸਿੰਘ ਸਹੋਤਾ, ਸੁਖਦੇਵ ਕੁਮਾਰ, ਤਰਸੇਮ ਲਾਲ, ਨਰੇਸ਼ ਕੁੰਨਰ, ਮੈਡਮ ਬਲਜੀਤ ਕੌਰ, ਪਰਮਜੀਤ ਕੌਰ, ਜੋਤੀ ਰਿਸ਼ੀ, ਰਚਨਾ, ਸਨੇਹ ਲਤਾ, ਬਲਜੀਤ ਕੌਰ, ਗੁਰਵਿੰਦਰ ਕੌਰ, ਪਰਮਿੰਦਰ ਕੌਰ, ਕੁਲਵਿੰਦਰ ਕੌਰ, ਸੰਦੀਪ ਕੌਰ, ਰਜਨੀ ਬਾਲਾ, ਪਵਨਜੀਤ ਕੌਰ ਆਦਿ ਹਾਜ਼ਰ ਸਨ।

ਚੈਕਿੰਗ ਦੌਰਾਨ 18 ਲੱਖ 70,000 ਤੇ 900 ਅਮਰੀਕਨ ਡਾਲਰ ਬਰਾਮਦ

ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)-ਥਾਣਾ ਭੋਗਪੁਰ ਜਿਲਾ ਜਲੰਧਰ ਦੀ ਪੁਲਿਸ ਵੱਲੋਂ ਚੈਕਿੰਗ ਦੌਰਾਨ 18 ਲੱਖ 70,000 ਅਤੇ 900 ਅਮਰੀਕਨ ਡਾਲਰ ਬਰਾਮਦ ਕੀਤੇ ਗਏ। ਇਸ ਸਬੰਧੀ ਇੰਸਪੈਕਟਰ ਯਾਦਵਿੰਦਰ ਸਿੰਘ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ 11 ਸਤੰਬਰ ਨੂੰ ਉਸ ਸਮੇਤ ਪੁਲਸ ਪਾਰਟੀ ਦੇ ਹਾਈਟੈਕ ਨਾਕਾਬੰਦੀ ਅੱਡਾ ਕਰੇਸ਼ੀਆ 'ਤੇ ਮੌਜੂਦ ਸਨ ਜਿੱਥੇ ਅੰਕੁਸ਼ ਤਰਹੇਣ ਵਾਸੀ ਰਾਮ ਸਰਮਣ ਕਲੋਨੀ ਪਠਾਨਕੋਟ ਅਤੇ ਅਭਿਸ਼ੇਕ ਕੁਮਾਰ ਪੁੱਤਰ ਅਸੂਲ ਲਾਲ ਵਾਸੀ ਗਲੀ ਨੰਬਰ ਇੱਕ ਸ਼ਰਨ ਪਠਾਨਕੋਟ ਦੀ ਗੱਡੀ ਦੀ ਚੈਕਿੰਗ ਦੌਰਾਨ 18 ਲੱਖ 70,000 ਅਤੇ 900 ਅਮਰੀਕਨ ਡਾਲਰ ਬਰਾਮਦ ਕੀਤੇ ਗਏ, ਜੋ ਇੰਨੀ ਵੱਡੀ ਰਕਮ ਸਬੰਧੀ ਇਹਨਾਂ ਵੱਲੋਂ ਮੌਕੇ 'ਤੇ ਕੋਈ ਵੀ ਪਰੂਫ ਪੇਸ਼ ਨਾ ਕਰਨ 'ਤੇ ਉਕਤ ਰਕਮ ਕਬਜ਼ਾ ਪੁਲਸ ਵਿੱਚ ਲਈ ਗਈ ਹੈ ਅਤੇ ਮੌਕ